ਹੱਸਦਾ ਗਾਉਂਦਾ ਪੰਜਾਬ



ਹਰਕੇਸ਼ ਸਿੰਘ ਸਿੱਧੂ ਪੀ.ਸੀ.ਐਸ.

www.PunjabiLibrary.com

ਦੋ ਸ਼ਬਦ

ਹਰ ਸਾਹਿਤ ਸਿਰਜਣਾ ਪਿਛੇ ਕੋਈ ਨਾ ਕੋਈ ਮਨੋਰਥ ਜ਼ਰੂਰ ਹੁੰਦਾ ਹੈ, ਜਿਸ ਵਿਚੋਂ ਸਮਕਾਲੀ ਜ਼ਮਾਨੇ ਦੀ ਨਬਜ਼ ਅਤੇ ਲੇਖਕ ਦੀ ਸ਼ਖਸੀਅਤ ਦੀ ਝਲਕ ਦਿਖਾਈ ਦਿੰਦੀ ਹੈ। ਇਸ ਤਰ੍ਹਾਂ ਹੀ ਹਰ ਸਹਿਤਕਾਰ ਨੂੰ ਕਿਸੇ ਨਾ ਕਿਸੇ ਘਟਨਾ ਜਾਂ ਸ਼ਖਸੀਅਤ ਤੋਂ ਪ੍ਰੇਰਨਾ ਮਿਲਦੀ ਹੈ, ਜਿਸ ਨਾਲ ਉਹ ਆਪਣੇ ਕਾਰਜ ਨੂੰ ਨੇਪਰੇ ਚਾੜ੍ਹਨ ਵਿਚ ਲਗਨ ਨਾਲ ਕੰਮ ਕਰਦਾ ਹੈ। ਇਹ ਹਥਲੀ ਪੁਸਤਕ 'ਨਚਦਾ ਗਾਉਂਦਾ ਪੰਜਾਬ' ਵੀ ਇਸੇ ਤਰ੍ਹਾਂ ਹੀ ਮੇਰੇ ਬਚਪਨ ਦੇ ਸ਼ੌਂਕ ਦਾ ਸਾਰਥਕ ਪ੍ਰਤੀਕਰਮ ਹੈ ਜੋ ਬੋਲੀਆਂ ਸੁਣਨੀਆਂ, ਪੜ੍ਹਨੀਆਂ ਅਤੇ ਲਿਖਣ ਦਾ ਸੀ। ਸਾਡੇ ਆਪਣੇ ਹੀ ਨਾਨਕੇ ਪਿੰਡ ਵਿਚ ਜਿਥੇ ਮੈਂ ਜਨਮ ਤੋਂ ਹੀ ਪਲਿਆ ਵਧਿਆ ਫੁਲਿਆ ਅਤੇ ਆਪਣੀ ਪੜ੍ਹਾਈ ਪ੍ਰਾਪਤ ਕੀਤੀ, ਉਥੇ ਰਾਮ ਚੰਦ ਉਰਫ ਰਾਮੂ ਕੋਲੋਂ ਇਹ ਚੇਟਕ ਬੋਲੀਆਂ ਦੀ ਲੱਗ ਗਈ। ਮੈਂ ਪਹਿਲਾਂ ਬੋਲੀਆਂ ਜੋੜਨੀਆਂ ਫੇਰ ਆਪਣੇ ਉਸਤਾਦ ਨੂੰ ਪਿੰਡੋਂ ਬਾਹਰ ਨਹਿਰ ਦੇ ਕੰਡੇ ਜਾ ਕੇ ਸੁਣਾਇਆ ਕਰਨੀਆਂ ਤੇ ਅਕਸਰ ਉਸ ਦੀ ਥਾਪੀ ਹਾਸਲ ਹੋਇਆ ਕਰਦੀ ਸੀ। ਉਹ ਪਿੰਡ ਦੇ ਹਿਸਾਬ ਨਾਲ ਮੇਰਾ ਮਾਮਾ ਲਗਦਾ ਹੈ। ਜਦੋਂ ਵੀ ਉਸ ਨੇ ਮੇਰੀ ਬੋਲੀ ਤੋਂ ਖੁਸ਼ ਹੋਣਾ ਤਾਂ ਉਸ ਇਹ ਕਹਿ ਉਠਣਾ—

ਲੈ ਗਏ ਮਾਮਿਆਂ ਕੋਲੋਂ ਖੋਹ ਕੇ ਭਾਣਜੇ
ਚਲਦਾ ਨਹੀਂ ਜ਼ੋਰ ਧਿਙਾਣਾ
ਦਿੱਲੀ ਨੀ ਕਿਸੇ ਦੇ ਬਾਪ ਦੀ
ਦਿੱਲੀ ਐ ਤਖਤ ਪੁਰਾਣਾ

ਉਸ ਦੀ ਪ੍ਰਤਿਭਾ ਬੋਲੀਆਂ ਦਾ ਨਾਪ ਤੋਲ ਪਰਤਣ ਦੀ ਸਿਖਰ ਤੇ ਪਹੁੰਚੀ ਸੀ।

ਇਸ ਕਿਤਾਬ ਵਿਚ ਮੈਂ ਪੰਜਾਬ ਦੇ ਸਭਿਆਚਾਰਕ ਵਿਰਸੇ ਨੂੰ ਸਾਂਭਣ ਦੀ ਅਤ ਮੁੜ ਸੁਰਜੀਤ ਕਰਨ ਦੀ ਕੋਸ਼ਿਸ਼ ਕੀਤੀ ਹੈ। ਕੁਝ ਤਰੁਟੀਆਂ ਅਤੇ ਸਮਾਜਿਕ ਬੁਰਾਈਆਂ ਨੂੰ ਭੰਡਣ ਦੀ ਜਿੰਨਾ ਕੁ ਹੋ ਸਕਿਆ ਹਿੰਮਤ ਕੀਤੀ ਹੈ। ਇਸ ਵਿਚ ਭੈਣ, ਭਰਾ, ਮਾਂ, ਧੀ, ਬਾਬਲ, ਬੇਟੀ, ਪਤੀ, ਪਤਨੀ, ਦਿਉਰ, ਭਰਜਾਈ, ਜੇਠ, ਸੱਸ, ਨੂੰਹ, ਸੌਂਕਣਾਂ ਦੀ ਲੜਾਈ, ਨਾਲ ਹੀ ਮੁੰਡੇ ਕੁੜੀਆਂ ਦੇ ਇਸ਼ਕ ਦੀ ਚਰਚਾ, ਹੀਰ ਰਾਂਝੇ ਨਾਲ ਪ੍ਰਚੱਲਤ ਬੋਲੀਆਂ, ਪੰਜਾਬ ਦੇ ਪੇਂਡੂ ਜੀਵਨ ਨਾਲ ਸੰਬੰਧਤ ਖੇਤੀ, ਪਸ਼ੂ ਪੰਛੀ, ਫਸਲਾਂ, ਟਿਬੇ, ਖੇਤ, ਤਿਉਹਾਰ ਰਸਮਾਂ ਅਤੇ ਰਿਵਾਜ ਦਾ ਜ਼ਿਕਰ ਕਰਨ ਦੀ ਕੋਸ਼ਿਸ਼ ਕੀਤੀ ਹੈ। ਕੁਝ ਕੁ ਸਮਾਜਿਕ ਬੁਰਾਈਆਂ ਜਿਵੇਂ ਦਾਜ ਦੀ ਲਾਹਨਤ, ਦੂਸਰਾ

www.PunjabiLibrary.com

ਵਿਆਹ, ਸ਼ਰਾਬ ਦੀ ਭੈੜੀ ਆਦਤ, ਜਾਇਦਾਦ ਦੇ ਲਾਲਚ ਕਾਰਨ ਨਜ਼ਦੀਕੀ ਰਿਸ਼ਤਿਆਂ ਵਿਚ ਤਰੇੜਾਂ ਆਦਿ ਨੂੰ ਨੰਗਾ ਕੀਤਾ ਹੈ।

ਇਸ ਕਿਤਾਬ ਵਿਚਲੀਆਂ ਬੋਲੀਆਂ ਪੰਜਾਬ ਦੇ ਪੇਂਡੂ ਜੀਵਨ ਨਾਲ ਸੰਬੰਧਤ ਵਿਆਹ, ਮੁਕਲਾਵੇ, ਤੀਆਂ ਦੇ ਤਿਉਹਾਰ, ਮਸਿਆ ਦਾ ਮੇਲਾ, ਗਿੱਧਾ, ਭੰਗੜਾ, ਮੇਲਣਾਂ ਦੇ ਗੀਤ ਆਦਿ ਨੂੰ ਮੱਦੇ ਨਜ਼ਰ ਰੱਖ ਕੇ ਲਿਖੀਆਂ ਗਈਆਂ ਹਨ। ਇਸੇ ਕਰਕੇ ਬਾਰੀਂ ਬਰਸੀ ਖਟਣ ਗਏ ਸੀ, ਤੇ ਪਿੰਡਾਂ ਵਿਚੋਂ ਪਿੰਡ ਸੁਣੀ ਦਾ ਜਾਂ ਆਰੀ ਆਰੀ, ਦਾਣਾ ਦਾਣਾ, ਧਾਵੇ ਧਾਵੇ ਆਦਿ ਜਿਹੇ ਰਵਾਇਤੀ ਸ਼ਬਦਾਂ ਨੂੰ ਅੱਗੇ ਰਖ ਕੇ ਕੁਝ ਬੋਲੀਆਂ ਰਚੀਆਂ ਗਈਆਂ ਹਨ। ਇਸ ਕਿਤਾਬ ਦਾ ਸਿਰਲੇਖ 'ਨਚਦਾ ਗਾਉਂਦਾ ਪੰਜਾਬ' ਇਸ ਕਰਕੇ ਰਖਿਆ ਹੈ ਕਿ ਪੰਜਾਬ ਦੇ ਵਿਰਸੇ ਅਤੇ ਸਭਿਆਚਾਰ ਵਿਚ ਬੋਲੀਆਂ ਨੂੰ ਸਭ ਤੋਂ ਮਹੱਤਵ ਸਥਾਨ ਪ੍ਰਾਪਤ ਹੈ। ਜਦੋਂ ਵੀ ਕਦੇ ਰੇਡੀਓ, ਟੈਲੀਵੀਯਨ ਜਾਂ ਕਿਤੇ ਗਿੱਧੇ ਭੰਗੜੇ ਦੇ ਅਖਾੜੇ ਦਾ ਦ੍ਰਿਸ਼ ਦਿਸਦਾ ਹੈ ਤਾਂ ਸਾਰੇ ਦਰਸ਼ਕ ਖੁਸ਼ੀਆਂ ਵਿਚ ਝੂਮ ਉਠਦੇ ਹਨ ਅਤੇ ਨਚਣੋਂ ਨਹੀਂ ਰਹਿ ਸਕਦੇ। ਨੱਚਣਾ, ਕੁਦਣਾ, ਹੱਸਣਾ, ਖੇਡਣਾ ਇਹ ਪੰਜਾਬੀਆਂ ਦੇ ਸੁਭਾਅ ਦੀ ਇਕ ਵਿਲੱਖਣਤਾ ਹੈ। ਲੇਖਕ ਨੇ ਆਪਣੀ ਬੁੱਧੀ ਮੁਤਾਬਕ ਇਸ ਕਿਤਾਬ ਵਿਚ ਪੰਜਾਬ ਦਾ ਨਾਚ, ਗਿੱਧਾ ਭੰਗੜਾ ਅਤੇ ਖੁਸ਼ੀਆਂ ਭਰਿਆ ਮਹੌਲ ਇਉਂ ਬੰਦ ਕਰ ਕੇ ਰੱਖਣ ਦੀ ਕੋਸ਼ਿਸ਼ ਕੀਤੀ ਹੈ, ਜਿਵੇਂ ਇਕ ਫਨੀਅਰ ਸੱਪ ਨੂੰ ਕੀਲ ਕੇ ਪਟਾਰੀ ਵਿਚ ਪਾਇਆ ਗਿਆ ਹੋਵੇ ਦੇ ਢੱਕਣ ਚੁੱਕਣ ਤੇ ਆਪਣਾ ਫਨ ਉਠਾ ਕੇ ਸ਼ੂਕਰਨ ਲੱਗ ਜਾਵੇ।

ਪੰਜਾਬ ਵਿਚ ਵਾਪਰਨ ਵਾਲੀਆਂ ਘਟਨਾਵਾਂ ਤੋਂ ਲੇਖਕ ਚੁੱਪ ਨਹੀਂ ਰਹਿ ਸਕਿਆ। ਇਸ ਵਿਚ ਕਰਫ਼ੀਊ ਜਿਹੇ ਸ਼ਬਦ ਆਮ ਪ੍ਰਚੱਲਤ ਹੋ ਗਏ ਹਨ। ਇਸ ਲਈ ਲੋਕ ਸਹਿਤ ਵਿਚ ਇਹਨਾਂ ਦੀ ਵਰਤੋਂ ਕਰਨੀ ਸੁਭਾਵਕ ਹੋ ਗਈ। ਜਿਵੇਂ—

ਕਰਫ਼ੀਊ ਬੁੱਲ੍ਹਾਂ ਦੀ ਚੁਪ ਦਾ ਖੋਲ੍ਹ ਦੇਵੀਂ
ਭਾਵੇਂ ਜੁਲਫ ਦੀ ਜੇਲ੍ਹ ਵਿਚ ਕੈਦ ਕਰ ਲੈ

ਜਿਵੇਂ ਪੰਜਾਬ ਵਿਚ ਫੌਜੀ ਕਾਰਵਾਈ ਸਮੇਂ—

ਮੇਰੇ ਯਾਰ ਦੀ ਮੁਕਬਰੀ ਹੋਈ
ਕਿ ਫੌਜੀਆਂ ਨੇ ਪਿੰਡ ਘੇਰਿਆ
ਜਾਂ
ਜਾਤ ਪਾਤ ਦੀ ਪੱਟੀ ਸੀ ਜੜ੍ਹ ਐਥੋਂ
ਕਿ ਫਿਰਕੇ ਦੀ ਮੋਹੜੀ ਗੱਡ ਤੀ

ਮੈਂ ਆਸ ਕਰਦਾ ਹਾਂ ਕਿ ਪੰਜਾਬੀ ਪਾਠਕ ਤੇ ਅਲੋਚਕ ਮੇਰਾ ਇਹ ਪਹਿਲਾ ਨਿਮਾਣਾ ਯਤਨ ਪਰਵਾਨ ਕਰਕੇ ਮੇਰਾ ਉਤਸ਼ਾਹ ਵਧਾਉਣਗੇ।

—ਹਰਕੇਸ਼ ਸਿੰਘ ਸਿੱਧੂ

ਬਚਪਨ ਦੇ ਵਿਚ ਉਠ ਗਿਆ ਸਿਰ ਤੋਂ, ਪਿਓ ਦਾ ਠੰਡਾ ਸਾਇਆ ।
ਨਾਨਾ ਸਾਡਾ ਚੁੱਕ ਕੇ ਗੋਦੀ, ਲੈ ਕੇ ਨਾਨਕੀਂ ਆਇਆ ।
ਪੰਜਵੇਂ ਸਾਲ ਵਿਚ ਸੁਰਤ ਸੰਭਲ ਗਈ, ਪੜ੍ਹਨ ਸਕੂਲੇ ਪਾਇਆ ।
ਸਾਲ ਪੰਦਰਵਾਂ ਚੜ੍ਹਿਆ ਦਾਸ ਨੂੰ, ਚਿੱਤ ਭੰਗੜੇ ਨੂੰ ਲਾਇਆ ।
ਭੰਗੜੇ ਦੇ ਵਿਚ ਪੈਣ ਬੋਲੀਆਂ, ਰਾਮੂ ਉਸਤਾਦ ਧਿਆਇਆ ।
ਬੋਲੀ ਜੋੜਨ ਦਾ, ਸ਼ੌਂਕ ਸਕੂਲੋਂ ਲਾਇਆ ।

o o

ਸ਼ੌਂਕ ਲਿਖਣੇ ਦਾ ਅੱਜ ਅਸਾਂ ਨੂੰ, ਬਹਿ ਗਏ ਵਾਹਿਗੁਰੂ ਧਿਆ ਕੇ ।
ਲਿਖ ਲਿਖ ਜੇਕਰ ਮੈਂ ਥੱਕ ਜਾਵਾਂ, ਫੇਰ ਦੇਖਦਾ ਗਾ ਕੇ ।
ਨਵਾਂ ਜ਼ਮਾਨਾ ਨਵੀਆਂ ਬੋਲੀਆਂ, ਬਹਿ ਗਿਆ ਚਸਕਾ ਲਾ ਕੇ ।
ਹੁਣ ਸਰਪੰਚਾ ਤੂੰ, ਬੋਲੀ ਨਵੀਂ ਰਚਾ ਦੇ ।

o o

ਅਲਫ ਅੱਲਾ ਦਾ ਨਾਮ ਧਿਆ ਕੇ, ਗਾਫ਼ ਗੁਰੂ ਨੂੰ ਧਿਆਵਾਂ ।
ਬੋਲੀ ਜੇਕਰ ਜੋੜਨ ਬੈਠਾਂ, ਪੰਜੇ ਪੀਰ ਮਨਾਵਾਂ ।
ਲਿਖ ਲਿਖ ਬੋਲੀਆਂ ਕਾਗਜ਼ ਭਰ ਕੇ, ਫੇਰ ਕਿਤਾਬ ਬਣਾਵਾਂ ।
ਬੋਲੀ ਰਚਣੇ ਦੀ, ਵਿਧਿਆ ਆਪ ਸੁਣਾਵਾਂ ।

o o

www.PunjabiLibrary.com

ਗੁਰੂ ਨਾਨਕ ਤੋਂ ਲੈ ਕੇ ਥਾਪੀ, ਅੰਗਦ ਦੇਵ ਧਿਆਵਾਂ।
ਅਮਰ ਦਾਸ ਦੀ ਹੋ ਜਾਏ ਕਿਰਪਾ, ਰਾਮ ਦਾਸ ਦੇ ਜਾਵਾਂ।
ਬਾਬੇ ਅਰਜਨ ਦੇ ਫੇਰ ਸਲੋਕ ਸੁਣਾਵਾਂ।
ਹਰਗੋਬਿੰਦ ਦੀ ਲੈ ਕੇ ਸਿਖਿਆ, ਹਰ ਰਾਇ ਫਤਹਿ ਬੁਲਾਵਾਂ।
ਹਰ ਕ੍ਰਿਸ਼ਨ ਗੁਰੂ ਦੀ ਤਕਾਂ ਓਟ ਮੈਂ, ਸੱਚੀਆਂ ਆਖ ਸੁਣਾਵਾਂ।
ਤੇਗ ਬਹਾਦਰ ਤਿਆਗ ਭਾਵਨਾ, ਵਾਲਾ ਬਿਗਲ ਵਜਾਵਾਂ।
ਗੋਬਿੰਦ ਅਤੇ ਭਗਾਉਤੀ ਧਿਆ ਕੇ, ਸੀਸ ਧਰਮ ਲਈ ਲਾਵਾਂ।
ਬਾਬੇ ਨਾਨਕ ਦਾ ਜੱਸ ਗਿੱਧਿਆਂ ਵਿਚ ਗਾਵਾਂ।

o o

ਦਾੜੀ ਨਾਲੋਂ ਮੁੱਛਾਂ ਵੱਧਗੀਆਂ, ਜਿਉਂ ਛਪੜੀ ਤੇ ਡੀਲਾ।
ਮਹਿੰ ਤਾਂ ਤੇਰੀ ਰੱਸਾ ਤੁੜਾ ਗਈ, ਕੱਟਾ ਪਟਾ ਗਿਆ ਕੀਲਾ।
ਤੇਰੇ ਨਾਲ ਜੇ ਹੱਸ ਕੇ ਬੋਲਾਂ, ਸ਼ੱਕ ਪਿਆ ਕਰੇ ਕਬੀਲਾ।
ਦਿਉਰ ਕੁਆਰੇ ਦਾ ਕਰ ਦੇ ਭਾਬੀਏ ਹੀਲਾ।

o o

ਬਾਲੀ ਬਾਲੀ ਨੀ, ਮਿੱਤਰਾ ਦਾ ਵਿਆਹ ਕਰ ਦੇ,
ਅਸੀਂ ਉਮਰ ਗੁਆ ਲਈ ਸਾਰੀ।
ਨੀ ਵੀਰ ਮੇਰਾ ਹਲ ਜੋੜਦਾ, ਸਾਨੂੰ ਰਖ ਮੱਝੀਆਂ ਦੀ ਪਾਲੀ।
ਨੀ ਭਾਬੀ ਤੇਰੀ ਭੈਣ ਮੰਗਦੇ, ਜੇਹੜੀ ਲਗਦੀ ਵੀਰ ਦੀ ਸਾਲੀ।
ਨੀ ਮਿੱਤਰਾਂ ਦੀ ਗੱਲ ਮੰਨ ਲੈ, ਛੋਟੇ ਦਿਉਰ ਦੀ ਬਣਾ ਦੇ ਘਰ ਵਾਲੀ।

o o

www.PunjabiLibrary.com

ਖੂਹ ਤੇ ਖੜ ਕੇ ਗੱਲ ਸੁਣ ਭਾਬੀ, ਏਥੇ ਕੀਹਦੀ ਚੋਰੀ ।
ਮਾਰ ਗੰਡਾਸਾ ਕਰ ਦਿਆਂ ਟੋਟੇ, ਸਣੇ ਪਰਾਂਦਾ ਡੋਰੀ ।
ਦੇਖ ਛਬੀ ਲੈ ਮਾਰੇ ਕੂਕਾਂ, ਲਾਂਘੀ ਮਾਰ ਕੇ ਫੋਰੀ ।
ਖੂਨ ਕਰਾਵੇਂਗੀ, ਤੂੰ ਭਰਜਾਈ ਗੋਰੀ ।

o o

ਰੜਕੇ ਰੜਕੇ ਤੂੰ ਪੁੱਤ ਸ਼ਾਹਾਂ ਦਾ, ਤੇਰੀ ਖਾਲੀ ਬਾਂਸਲੀ ਖੜਕੇ ।
ਭੋਲੇ ਜੱਟ ਤਾਂ ਲੁੱਟੇ ਉਹਨਾਂ ਨੇ, ਲਾ ਕੇ ਬਾਰ ਤੇ ਪਰਚੇ ।
ਬੰਨੇ ਨੂੰ ਛੁਡਾ ਲੈ ਭਾਬੀਏ, ਚੂੜੇ ਵਿਚਲੇ ਪਰੀਬੰਦ ਧਰ ਕੇ ।
ਪੇਸ਼ੀ ਨਾਜਮ ਦੇ, ਭਾਬੋ ਬੈਠ ਗਈ ਮੇਜ਼ ਤੇ ਅੜ ਕੇ ।

o o

ਭਾਬੀ ਦੀ ਗੱਲ ਮੰਨ ਵੇ ਦਿਉਰਾ, ਰੋਜ਼ ਰੋਜ਼ ਨਹੀਂ ਕਹਿਣਾ ।
ਤੇਰੇ ਬਾਝੋਂ ਦਿਉਰ ਮੇਰਿਆ, ਮੈਂ ਨਹੀਂ ਏਥੇ ਰਹਿਣਾ ।
ਵੀਰ ਤੇਰਾ ਨਿਤ ਲੜਦਾ ਰਹਿੰਦਾ, ਸ਼ੱਕ ਕਰਦਾ ਟੁਟ ਪੈਣਾ ।
ਵੇ ਵੱਡੀ ਭਾਬੀ ਦਾ ਦਿਉਰ ਬੁੱਕਲ ਦਾ ਗਹਿਣਾ ।

o o

www.PunjabiLibrary.com

ਮੋਰਾਂ ਵਾਲੀ ਤੋਂ ਮਥ ਕੇ ਮੇਲਣਾ, ਸੰਗਤੀ ਵਾਲੇ ਵਿਚ ਆਈਆਂ ।
ਦੋ ਦੋ ਗਿੱਧੇ ਵਿਚ ਵੜਨ ਇਕੱਠੀਆਂ, ਹਟਦੀਆਂ ਨਹੀਂ ਹਟਾਈਆਂ ।
ਕਾਲੇ ਸੂਫ ਦੇ ਘਗਰੇ ਸਵਾ ਲਏ, ਪੈਲਾਂ ਮੋਰ ਜਿਉਂ ਪਾਈਆਂ ।
ਹੁਣ ਨਾ ਸਿਆਣਦੀਆਂ, ਦਿਉਰਾਂ ਨੂੰ ਭਰਜਾਈਆਂ ।

o o

ਚਿੜੀਆਂ ਉਡਾਵਾਂ ਨੀ ਮੈਂ, ਮਨੇ ਉਤੇ ਚੜ ਕੇ ।
ਤੱਤੜੀ ਦਾ ਦਿਲ ਪਿਆ, ਇਕੱਲਾ ਮੇਰਾ ਧੜਕੇ ।
ਯਾਦ ਮੇਰੇ ਮਾਹੀ ਵਾਲੀ, ਸੀਨੇ ਵਿਚ ਰੜਕੇ ।
ਛੋਟੇ ਦਿਉਰ ਨਾਲ ਚਿੱਤ ਪਰਚਾਵਾਂ ਨੀ ।
ਨਾਲੇ ਬਾਜਰੇ ਤੋਂ ਚਿੜੀਆਂ ਉਡਾਵਾਂ ਨੀ ।

o o

ਵੇ ਦਿਉਰਾ ਮੇਰੀ ਚਾਰ ਬੱਕਰੀ, ਤੇਰਾ ਕਦੇ ਨਾ ਅਹਿਸਾਨ ਭੁਲਾਵਾਂ ।
ਵੇ ਤੀਆਂ ਵਿਚ ਦਿਉਰ ਰਾਜਿਆ, ਤੇਰੇ ਨਾਂ ਤੇ ਬੋਲੀਆਂ ਪਾਵਾਂ ।
ਵੇ ਦਿਉਰਾ ਮੇਰੀ ਗੱਲ ਮੰਨ ਲੈ, ਤੇਰਾ ਜੱਸ ਗਿੱਧਿਆਂ ਵਿਚ ਗਾਵਾਂ ।

o o

www.PunjabiLibrary.com

ਪਟ ਕੇ ਭਾਖੜਾ ਕੱਢੀਆਂ ਨਹਿਰਾਂ, ਪਾਣੀ ਖਾਲ ਚਲਾਏ ।
ਮਿੰਟ ਮਿੰਟ ਤੇ ਹੋਵਣ ਝਗੜੇ, ਲੜਨੇ ਨੂੰ ਜੱਟ ਆਏ ।
ਮਾਰ ਗੰਡਾਸਾ ਛੱਬੀ ਕਰਤੀ, ਕਚਹਿਰੀ ਕੇਸ ਚਲਾਏ ।
ਦਿਉਰਾ ਨਾ ਲੜ ਵੇ ਭਾਬੀ ਆਖ ਸੁਣਾਏ ।

o o

ਚਿੜੀਆਂ ਉਡਾਵਾਂ ਨੀ ਮੈਂ, ਮਨੇ ਉਤੇ ਚੜ੍ਹ ਕੇ ।
ਅੱਖੀਆਂ 'ਚ ਯਾਦ ਮੇਰੇ ਮਾਹੀ ਵਾਲੀ ਰੜਕੇ ।
ਵਜਿਆ ਟਰਿਆਲਾ ਨੀ, ਉਹ ਤੋਪ ਵਾਂਗੂ ਖੜਕੇ ।
ਤੱਤੜੀ ਦਾ ਦਿਲ ਮੇਰਾ, ਨਾਲੇ ਪਿਆ ਧੜਕੇ ।
ਨਿੱਕਾ ਮੇਰਾ ਦਿਉਰ ਨੀ, ਸਕੂਲੋਂ ਆਇਆ ਪੜ੍ਹ ਕੇ ।

o o

ਮਾਂ ਤੇਰੀ ਨਿੱਤ ਵੱਟੇ ਘੂਰੀਆਂ, ਔਖਾ ਰਹਿੰਦਾ ਸਹੁਰਾ ।
ਜੀਅ ਕਰਦੈ ਕੁਝ ਖਾ ਕੇ ਮਰਜਾਂ, ਜਾਂ ਫਿਰ ਪੀਵਾਂ ਮਹੁਰਾ ।
ਏਹ ਚੰਦਰੀ ਦੀ ਸ਼ਕਲ ਦੇਖ ਕੇ, ਮੈਨੂੰ ਪੈਂਦਾ ਦੌਰਾ ।
ਵੇ ਦੋਵੇਂ ਉਡ ਚਲੀਏ, ਮੈਂ ਤਿੱਤਲੀ ਤੂੰ ਭੌਰਾ ।

o o

ਦੂਰ ਖੇਤ ਦਾ ਰੋਗ ਅਵੱਲੀ, ਤੇ ਉਮਰਾਂ ਦੇ ਝੇੜੇ ।
ਉਹਨਾ ਵਰਗੀ ਮੌਜ ਕਿਹਨਾਂ ਨੂੰ, ਖੇਤ ਜਿਹਨਾਂ ਦੇ ਨੇੜੇ ।
ਉਮਰ ਗੁਆ ਲਈ ਭੱਤਾ ਢੋਂਦਿਆ, ਤਿੰਨ ਤਿੰਨ ਲਗਦੇ ਗੇੜੇ ।
ਵੇ ਕੰਤਾ ਹਾਣ ਦਿਆ, ਦੁਖੜੇ ਜਾਣ ਲੈ ਮੇਰੇ ।

o o

ਤੈਥੋਂ ਪਹਿਲੀ ਵਾਰੀ ਵੇ ਮੈਂ, ਮੰਗੀਆਂ ਨੇ ਵਾਲੀਆਂ ।
ਤੇਰੇ ਘਰ ਵਿਚ ਵੇ ਮੈਂ, ਉਮਰਾਂ ਨੇ ਗਾਲੀਆਂ ।
ਤੇਰੀ ਬੇਬੇ ਰੱਬ ਜਾਣੇ, ਭਾਨੀਆਂ ਕਿਉਂ ਮਾਰੀਆਂ ।
ਪੇਕਿਆਂ ਨੂੰ ਉਡ ਜਾਵਾਂ, ਲਾ ਕੇ ਮੈਂ ਉਡਾਰੀਆਂ ।
ਭਾਬੀ ਨਾਲ ਪਿਛੋਂ ਤੂੰ, ਪੁਗਾ ਲਈ ਚੰਨਾ ਯਾਰੀਆਂ ।

o o

ਗਰੇ ਰੰਗ ਤੋਂ ਹੋ ਗਿਆ ਪੀਲਾ, ਏਹ ਨੇ ਕੂੜ ਦੇ ਵਾਧੇ ।
ਗੱਡੀ ਵਿਚ ਬਹਿ ਕੇ ਪੁਛਦਾ ਧਨ ਕੁਰੇ, ਕੀਹਦੇ ਲੱਡੂ ਏ ਖਾਧੇ ।
ਨੀ ਟੱਲੀਆਂ ਖੜਕਦੀਆਂ, ਗੱਡੀ ਵੜੀ ਦਰਵਾਜ਼ੇ ।

o o

www.PunjabiLibrary.com

ਜੇ ਨਾ ਆਵੇ ਨਾਰ ਸਾਂਭਣੀ, ਔਦੂ ਵਿਆਹ ਨਾ ਹੋਵੇ ।
ਜੁਤੀਆਂ ਮਾਰ ਕੇ ਸਿਰ ਭੰਨ ਦੇਵੇ, ਪਾ ਕੇ ਨੀਵੀਆਂ ਰੋਵੇ ।
ਰੋਟੀ ਟੁਕੜਾ ਆਪ ਪਕਾਵੇ, ਕਪੜੇ ਟੱਬਰ ਦੇ ਧੋਵੇ ।
ਨੌਕਰ ਨਾਰਾਂ ਦਾ, ਦੁੱਖਾਂ ਦੇ ਹਾਰ ਪਰੋਵੇ ।

o o

ਮਾਹੀ ਮੈਨੂੰ ਲੈਣ ਆ ਗਿਆ, ਲਿਆ ਕੇ ਗੱਡੀ ਖੜਾਈ ।
ਕੁੜੀਆਂ ਮੇਰੇ ਮਹਿੰਦੀ ਲਾਉਂਦੀਆਂ, ਮੈਂ ਮਹਿੰਦੀ ਨਾ ਲਾਈ ।
ਸੁਤੀ ਪਈ ਦੇ ਲਾ ਤੀ ਘੋਲ ਕੇ, ਮੈਨੂੰ ਜਾਗ ਨਾ ਆਈ ।
ਗੜਵਾ ਫੜ ਕੇ ਧੋਣ ਲਗ ਪਈ, ਲਹਿੰਦੀ ਨਹੀਂ ਲਹਾਈ ।
ਖੂਨਣ ਨੀ ਮਹਿੰਦੀ, ਚੜ੍ਹ ਗਈ ਦੂਣ ਸਵਾਈ ।

o o

ਸੱਸ ਨੂੰਹਾਂ ਦੀ ਹੋਈ ਲੜਾਈ, ਪਿਓ ਪੁੱਤਰ ਅੱਡ ਹੋਏ ।
ਕੰਮ ਦਾ ਕਦੇ ਡੱਕਾ ਨਹੀਂ ਤੋੜਿਆ, ਤੜਕੇ ਨੂੰ ਹਲ ਜੋਏ ।
ਹਲ ਵਾਹ ਕੇ ਜਦ ਮੁੜੇ ਘਰਾਂ ਨੂੰ ਪੱਠੇ ਸਿਰਾਂ ਤੇ ਢੋਏ ।
ਸਿਆਪੇ ਨਾਰਾਂ ਦੇ, ਪਿਓ ਪੁੱਤ ਗਲ ਲਗ ਰੋਏ ।

o o

ਰਾਗ ਬਿਨਾਂ ਨੀ ਗਾਉਣ ਸੋਭਦੇ, ਭੁੱਖ ਤੋਂ ਬਿਨਾਂ ਨਾ ਖਾਈਏ ।
ਜੇ ਨਾ ਆਵੇ ਤੋੜ ਨਿਭਾਉਣੀ, ਅੱਖੀਆਂ ਕਦੇ ਨਾ ਲਾਈਏ ।
ਮੁਛ ਫੱਟ ਚੋਬਰ ਅਠਾਰਾਂ ਸਾਲ ਦਾ, ਦੜ ਵੱਟ ਕੇ ਲੰਘ ਜਾਈਏ ।
ਨਾਰ ਨਿਆਣੀ ਦਾ ਕਦੇ ਵਸਾਹ ਨਾ ਖਾਈਏ ।

o o

ਪਤਲੀ ਨਾਰ ਨਾਲ ਲਗ ਗਈ ਦੋਸਤੀ, ਸੱਪ ਵਾਂਗੂ ਵਲ ਖਾਵੇ ।
ਦੁੱਧ ਮਲਾਈਆਂ ਨਾਲ ਪਾਲਦਾ, ਜੇ ਰਾਜ਼ੀ ਹੋ ਜਾਵੇ ।
ਝੀਲ ਕਿਨਾਰੇ ਭਰਦੀ ਪਾਣੀ, ਜਿਉਂ ਨੜੀ ਭੁਲੇਖਾ ਖਾਵੇ ।
ਝੋਰਾ ਪਤਲੋ ਦਾ, ਵੱਢ ਕੇ ਹੱਡਾਂ ਨੂੰ ਖਾਵੇ ।

o o

ਰਤਨੀ ਬਚਨੀ ਦੋਵੇਂ ਸੌਂਕਣਾਂ, ਲੜਦੀਆਂ ਸ਼ੋਰ ਮਚਾ ਕੇ ।
ਦੀਪਾ ਸਿੰਘ ਤਾਂ ਕੰਤ ਉਹਨਾਂ ਦਾ, ਰੋਂਦਾ ਨੀਵੀਆਂ ਪਾ ਕੇ ।
ਨਿਰਨੇ ਕਾਲਜੇ ਤੁਰਦਾ ਘਰਾਂ ਤੋਂ, ਮੁੜਦਾ ਰੋਟੀਆਂ ਖਾ ਕੇ ।
ਦੁਖੜੇ ਨਾਰਾਂ ਦੇ, ਸੁਣ ਲੌ ਧਿਆਨ ਲਗਾ ਕੇ ।

o o

ਬੰਨ ਕੇ ਸੇਹਰੇ ਬੁਢੜਾ ਢੁੱਕ ਪਿਆ, ਜੰਞ ਵੀ ਕੋਲ ਦੀ ਲੰਘਦੀ।
ਛੋਟੀ ਸਾਲੀ ਕਰੇ ਮਸ਼ਕਰੀ, ਬੱਗੀ ਦਾੜੀ ਤੋਂ ਸੰਗਦੀ।
ਵਾਂਗ ਕਮਲ ਜਿਉਂ ਖਿੜ ਗਿਆ ਬੁਢੜਾ, ਭਮਕ ਦੇਖ ਕੇ ਰੰਗ ਦੀ।
ਸੈਦੇ ਖੇੜੇ ਨੇ, ਲੁਟ ਲਈ ਪਦਮਣੀ ਝੰਗ ਦੀ।

o o

ਕਿਉਂ ਨਾ ਕਰਦੀ ਹੰਦੇਸੇ ਥੋੜੇ, ਖੁਦੋ ਖੁੰਡੀ ਫਿਰੇ ਖੇਡਦਾ।
ਘਰ ਦੇ ਕਰੇ ਨਾ ਮੋੜੇ, ਠੇਰੂ ਦਾ ਮੁੱਛ ਕੋਲ ਖੜਾਤਾ।
ਮੈਂ ਟਾਹਲੀ ਦੇ ਪੋਰੇ।
ਕੰਤ ਇਵਾਣੇ ਦੇ, ਖਾਣ ਹੱਡਾਂ ਨੂੰ ਝੋਰੇ।

o o

ਮੇਰੇ ਮਾਪਿਆਂ ਵਿਆਹ ਕਰ ਛਡਿਆ, ਮੈਥੋਂ ਰਖ ਕੇ ਚੋਰੀ।
ਘੁੰਡ ਕਢ ਕੇ ਮੈਂ ਲਈਆਂ ਲਾਵਾਂ, ਏਦਾਂ ਡੋਲੀ ਤੋਰੀ।
ਵੇ ਤੇਰੇ ਨਾਲ ਨਹੀਂ ਨਿਭਣੀ, ਤੂੰ ਕਾਲਾ ਮੈਂ ਗੋਰੀ।

o o

www.PunjabiLibrary.com

ਆਖਾਂ ਗੱਲ ਤਾਂ ਸੱਚ ਦੀ ਆਖਾਂ, ਸੱਚੀਆਂ ਆਖ ਸੁਣਾਵਾਂ ।
ਸਮੇਂ ਸਮੇਂ ਦੀ ਖੇਡ ਰਚਾ ਤੀ, ਕੀ ਜਾਣੇ ਅਣਜਾਣਾ ।
ਠਕ ਠਕ ਕਰਦੀ ਫਿਰੇ ਪੁਤਲੀ, ਬੌਦਾ ਖੁੰਡ ਪੁਰਾਣਾ ।
ਤੇਰੀ ਉਮਰ ਹੈ ਸਤਰ ਸਾਲ ਦੀ, ਖਾ ਲੈ ਜੋ ਕੁਝ ਖਾਣਾ ।
ਮੇਰੀ ਉਮਰ ਹੈ ਸੋਲਾਂ ਸਾਲ ਦੀ, ਸੁੱਚਾ ਮੋਤੀ ਦਾਣਾ ।
ਸਿੱਧੂ ਨੂੰ ਕੀ ਦੋਸ਼ ਦੇਵਾਂ ਮੈਂ, ਇਹ ਸਤਿਗੁਰ ਦਾ ਭਾਣਾ ।
ਵਿਆਹ ਤੀ ਬੁਢੜੇ ਨੂੰ, ਇਹ ਸਤਿਗੁਰ ਦਾ ਭਾਣਾ ।

o o

ਬੱਲੇ ਚੱਲੇ ਨੀ ਕੁੜਤੀ ਚੋਂ ਅੱਗ ਨਿਕਲੇ, ਸੱਪ ਬਣਿਆ ਰੇਸ਼ਮੀ ਨਾਲਾ ।
ਨੀ ਹਾੜ ਦੇ ਮਹੀਨੇ ਕੁੜੀਓ, ਮੇਰੀ ਹਿੱਕ ਨੂੰ ਠਾਰ ਗਿਆ ਪਾਲਾ ।
ਨੀ ਪਿੰਡ ਵਿਚ ਗੱਲ ਚਲ ਪਈ, ਪਾਇਆ ਸੂਟ ਬੋਸਕੀ ਵਾਲਾ ।
ਨੀ ਮਾਪਿਆਂ ਨੇ ਵਰ ਟੋਲਿਆ, ਮੇਰੀ ਗੁੱਤ ਦੇ ਪਰਾਂਦੇ ਨਾਲੋਂ ਕਾਲਾ ।

o o

ਉਠਣ ਬੈਠਣ ਏਹ ਨਾ ਜਾਣੇ, ਜਾਪੇ ਜਿੰਨ ਭੜੋਲਾ ।
ਘਰ ਆਵੇ ਤਾਂ ਗਲ ਪੈ ਜਾਵੇ, ਮੂੰਹ ਦਾ ਹੈ ਬੜਬੋਲਾ ।
ਹਾਏ ਮਰ ਜਾਵੇ ਨੀਂ, ਬੇਈਮਾਨ ਵਿਚੋਲਾ ।

o o

ਕੰਤ ਇਆਣੇ ਵਿਆਹੀ ਬਾਬਲਾ, ਤੈਂ ਕਿਉਂ ਕੀਤਾ ਲੋਹੜਾ ।
ਹੱਥੀਂ ਏਹਨੂੰ ਪਾਲ ਪਲੋਸਿਆ, ਜਿਉਂ ਹਥੇਲੀ ਦਾ ਫੋੜਾ ।
ਕੱਤ ਕੱਤ ਮੈਂ ਥੱਕੀ ਤ੍ਰਿੰਜਣ, ਮੁਕਿਆ ਸਾਰਾ ਗੋਹੜਾ ।
ਬਾਬਲ ਅਰਜ ਸੁਣੀਂ, ਮੈਂ ਨਾ ਏਹਨੂੰ ਲੋੜਾਂ ।
ਪੇਕੀਂ ਲੈ ਚਲ ਵੇ, ਮੈਂ ਹੱਥ ਦੋਵੇਂ ਜੋੜਾਂ ।

o o

ਕਾਲੇ ਭੂੰਡ ਨਾਲ ਮਾਏ, ਮੈਨੂੰ ਕਿਉਂ ਵਿਆਹਿਆ ਨੀ ।
ਦਸ ਤੇਰੀ ਲਾਡਲੀ ਨੇ, ਤੇਰਾ ਕੀ ਗੁਆਇਆ ਨੀ ।
ਮੇਰੇ ਕੇਹੜੇ ਕਰਮਾਂ ਦਾ, ਨਾਪ ਅਗੇ ਆਇਆ ਨੀ ।
ਦਿਲ ਵਾਲਾ ਰੋਗ ਤੈਨੂੰ, ਖੋਹਲ ਕੇ ਸੁਣਾਇਆ ਨੀ ।
ਮੈਂ ਨਹੀਂ ਏਹਦੇ ਨਾਲ ਜਾਣਾ ਏਹਨੂੰ ਕਿਉਂ ਬੁਲਾਇਆ ਨੀ ।

o o

ਪਹਿਲਾਂ ਜੇਠ ਨਾਲ ਮਿੱਠੀਆਂ ਮਾਰਦੀ, ਫੇਰ ਜੇਠ ਨਾਲ ਲੜਦੀ
ਮਤਲਬ ਵੇਲੇ ਜੀ ਜੀ ਆਖੇ, ਲੋੜ ਪੈਣ ਤੇ ਸੜਦੀ ।
ਨੀ ਅੜੀਆਂ ਛਡ ਭਾਬੀ, ਕਾਹਤੋਂ ਜੇਠ ਨਾਲ ਅੜਦੀ ।

o o

ਕੱਠੇ ਟੱਬਰ ਜਿਹਾ ਸੁੱਖ ਨਾ ਕੋਈ, ਸੁੱਖੀ ਵਸੇ ਪਿਆ ਲਾਣਾ ।
ਮਨ ਮਰਜ਼ੀ ਦੇ ਕੰਮ ਸਭ ਕਰਦੇ, ਮਨ ਮਰਜ਼ੀ ਦਾ ਖਾਣਾ ।
ਜੇਠ ਮੇਰੇ ਨੂੰ ਜੀ ਜੀ ਆਖਾਂ, ਫੇਰ ਬਣੇ ਨਾ ਸਿਆਣਾ ।
ਰੋਟੀ ਚੋਪੜੀ ਖਾ ਕੇ, ਲੜਦਾ ਬਹਿ ਜਾਣਾ ।

o o

ਤੇਰੇ ਘਰ ਵਿਚ ਆ ਕੇ ਕੰਤ ਵੇ, ਦੁਖੜੇ ਜਿਗਰ ਦੇ ਸਹਿੰਦੀ ।
ਬਾਬਲ ਦੇ ਘਰ ਮੌਜਾਂ ਮਾਣੀਆਂ, ਝੂਠ ਮੁੱਖੋਂ ਨਾ ਕਹਿੰਦੀ ।
ਅੱਠੇ ਪਹਿਰ ਤੇਰੇ ਕੰਮ ਨਾ ਮੁਕਦੇ, ਕਮਲੀ ਹੋ ਹੋ ਬਹਿੰਦੀ ।
ਵੱਡਾ ਤੇਰਾ ਭਾਈ ਕਲਿਹਣਾ, ਮੈਂ ਨਹੀਂ ਏਸ ਨਾਲ ਰਹਿੰਦੀ ।
ਜੇਠ ਨਰੈਣੇ ਦਾ, ਮੈਂ ਨੀ ਰੋਹਬ ਹੁਣ ਸਹਿੰਦੀ ।

o o

ਮੇਰੀ ਮੰਜੀ ਕੋਲੋ ਹਾਇ ਨੀ, ਜੇਠ ਮੇਰਾ ਲੰਘਿਆ ।
ਥੋੜਾ ਕੋਲ ਆ ਕੇ ਨੀ ਉਹ, ਝੂਠੀ ਮੂਠੀ ਖੰਘਿਆ ।
ਜ਼ਰਾ ਕੁ ਖਲੋ ਕੇ ਉਹਨੇ, ਪਾਣੀ ਮੈਥੋਂ ਮੰਗਿਆ ।
ਨੀ ਮੈਂ ਮੰਜੀ ਉਤੋਂ ਉਠ ਕੇ ਝਿੜਕਿਆ ਨੀ ।
ਉਹ ਡਰਦਾ ਮਾਰਿਆ ਬਿੜਕਿਆ ਨੀ ।

o o

www.PunjabiLibrary.com

ਨਣਦ ਕੁਪੱਤੀ ਹਾਏ ਨੀ ਮੇਰੀ, ਗੋਲ ਮਸ਼ਕਰੀ ਕਰ ਗਈ।
ਮੇਰੀ ਮੰਜੀ ਚੁਕ ਕੇ ਭੌੜੀ, ਜੇਠ ਦੇ ਕੋਲੇ ਧਰ ਗਈ।
ਹੱਥ ਬੰਨ ਕੇ ਮੈਂ ਪਾਵਾਂ ਵਾਸਤੇ, ਬੀਤੀ ਸਾਰੀ ਜਰ ਗਈ।
ਵੇ ਜੇਠਾ ਸ਼ਰਮ ਕਰੀਂ, ਮੈਂ ਤੇਰੀ ਧੀ ਵਰਗੀ।

o o

ਚਿੱਟੀ ਚਾਦਰ ਤੇ ਬਹਿ ਕੇ, ਪਾਵਾਂ ਨੀ ਮੈਂ ਪੱਤੀਆਂ।
ਮਰ ਜਾਣੇ ਜੇਠ ਨੂੰ ਸੁਣਾਵਾਂ ਨੀ ਮੈਂ ਤੱਤੀਆਂ।
ਮੇਰੇ ਉਤੇ ਅੱਖਾਂ ਏਹਨੇ, ਕਦੋਂ ਦੀਆਂ ਰੱਖੀਆਂ।
ਮੇਰੇ ਨੋੜੇ ਘੁੰਮੇ, ਜਿਵੇਂ ਮਿਸ਼ਰੀ ਤੇ ਮੱਖੀਆਂ।
ਜੇਠ ਦੀਆਂ ਕੁੱਟਾਂ, ਨੀ ਮੈਂ ਮੂਲੇ ਨਾਲ ਵੱਖੀਆਂ।

o o

ਪਹਿਲੀ ਵਾਰ ਨੀ ਮੈਂ, ਗਈ ਮੁਕਲਾਵੇ।
ਬੂਹੇ ਵਿਚ ਟਕਰਿਆ ਜੇਠ ਕੁੜੀਓ,
ਨੀ ਮੈਂ ਲੁਕ ਗਈ ਸੰਦੂਕਾਂ ਹੇਠ ਕੁੜੀਓ।

o o

ਸਹੁਰਾ ਤੇਰਾ ਮੰਨੀ ਤੰਨੀ ਦਾ, ਜੱਟ ਨੀ ਗੁਜਾਰੇ ਵਾਲਾ ।
ਵੇਖੀਂ ਕਿਧਰੇ ਪਗੜੀ ਦੇ ਵਿਚ ਖੇਹ ਨਾ ਪਾ ਦਈਂ,
ਨਾ ਕਰਦੀਂ ਕੋਈ ਕਾਰਾ ।
ਦੋ ਤਾਂ ਜੱਟ ਦੇ ਮਹੀਆਂ ਲਵੇਰੀਆਂ, ਸੁਣਿਆ ਬਹੁਤ ਗੁਜ਼ਾਰਾ ।
ਚੌਬਰ ਹੋ ਜਾਊਗਾ, ਨਾ ਕਰ ਸੰਸਾ ਬਾਹਲਾ ।

o o

ਹੁਣ ਤਾਂ ਬੁਢੜੀਏ ਰਹਿ ਗਈ ਸਿਆਨਣੋਂ, ਉਹ ਦਿਨ ਯਾਦ ਕਰਾਇਆ ।
ਭਾਈ ਕਬੀਲੇ ਕਰ ਲਏ ਇਕੱਠੇ, ਕਾਰਜ ਖੂਬ ਰਚਾਇਆ ।
ਪੰਜ ਸੌ ਮੇਰੇ ਨਿਉਂਦੇ ਪੈ ਗਿਆ, ਪੰਜ ਸੌ ਹੱਟੀ ਕਢਾਇਆ ।
ਭੌਂ ਤਾਂ ਮੇਰੀ ਬੈਅ ਖਤ ਕਰਤੀ, ਸੁਥਰਿਆਂ ਨਾਲ ਰਲਾਇਆ ।
ਧੀ ਨੂੰ ਘੱਤ ਸਸੀਏ, ਤੇਰਾ ਲੈਣ ਜੁਆਈ ਆਇਆ ।

o o

ਗੱਡੀ ਜੋੜ ਕੇ ਲੈਣ ਆ ਗਿਆ, ਕੀ ਮਤ ਮਾਰੀ ਤੇਰੀ ।
ਬਲਦਾਂ ਤੇਰਿਆਂ ਨੂੰ ਦੇਵਾਂ ਮੰਨ ਦੋ, ਦਾਣਾ ਨਾ ਪਾਵਾਂ ਪੰਸੇਰੀ ।
ਮਾਂ ਤਾਂ ਤੇਰੀ ਬਾਹਰ ਵੇ ਫਿਰਦੀ, ਜਿਉਂ ਕੋਈ ਅਲਕ ਬਸ਼ੇਰੀ ।
ਵੇ ਮੈਂ ਨਾ ਤੋਰਾਂ, ਧੀ ਨਿਆਣੀ ਹੈ ਮੇਰੀ ।

o o

ਮਾਪਿਆਂ ਦੇ ਘਰ ਅਸੀਂ, ਪੁਤਾਂ ਵਾਂਗੂ ਪਲੀਆਂ।
ਅਮੜੀ ਦਾ ਘਰ ਛਡ, ਸਹੁਰਿਆਂ ਨੂੰ ਚੱਲੀਆਂ।
ਰੋਂਦੇ ਨੇ ਬਨੇਰੇ ਨਾਲੇ, ਕੋਠੇ ਅਤੇ ਗਲੀਆਂ।
ਓਪਰਿਆਂ ਦੇ ਵੱਸ ਪੈਣਾ, ਹਾਇ ਰੀਤਾਂ ਨੇ ਅਵੱਲੀਆਂ।

o o

ਪਿੰਡ ਦੀਆਂ ਕੁੜੀਆਂ, ਬਲਾਈਆਂ ਗਿੱਧਾ ਪਾਉਣ ਨੂੰ।
ਆ ਕੇ ਝੜੀਆਂ ਲਗਾਵੇ, ਮੈਂ ਸੁਨੇਹਾ ਭੇਜਿਆ ਸੌਣ ਨੂੰ।
ਅੱਜ ਮੇਰੇ ਬਾਪ ਦੇ ਜੁਆਈ, ਘਰ ਆਉਣ ਨੀ।
ਚਿੜੀਆਂ ਦੇ ਵਾਂਗ ਤਾਂ, ਉਡਾਰੀ ਧੀਆਂ ਲਾਉਣ ਨੀ।

o o

ਜੋਬਨ ਦਾ ਹੜ ਆਇਆ ਅੜੀਓ, ਕੌਣ ਹੜਾਂ ਨੂੰ ਦਬੇ।
ਮੇਰੇ ਹਾਣ ਦੀਆਂ ਜੋ ਕੁੜੀਆਂ, ਤੁਰ ਗਈਆਂ ਸਹੁਰੇ ਸਭੇ।
ਸਬਰ ਉਮੀਦਾਂ ਵਾਲੇ ਨੀ ਹੁਣ, ਨਾਲ ਉਡੀਕਾਂ ਹਭੇ।
ਹਾਏ ਨੀ ਮੇਰੇ ਹਾਣ ਦੀਓ, ਬਾਬਲ ਨੂੰ ਵਰ ਨਾ ਲੱਭੇ।

o o

www.PunjabiLibrary.com

ਪੇਕਿਆਂ ਦੇ ਘਰੋਂ ਭੈਣੇਂ ਮਾਰ ਗਈ ਉਡਾਰੀ ਨੀ ।
ਮਾਪਿਆਂ ਨੇ ਰਖੀ ਜਿਹੜੀ, ਜਾਨ ਤੋਂ ਪਿਆਰੀ ਨੀ ।
ਰੋਂਦੀ ਤੇਰੀ ਆਈ ਅੱਜ, ਬੁਢੜੀ ਵਿਚਾਰੀ ਨੀ ।
ਅੱਜ ਲੈਣ ਆਏ, ਤੇਰੇ ਰੂਪ ਦੇ ਵਪਾਰੀ ਨੀ ।

o o

ਜੋਬਨ ਦੀ ਰੁਤ ਢਲ ਗਈ ਸਾਰੀ, ਘਰ ਅੰਮੜੀ ਦੇ ਬਹਿ ਕੇ ।
ਹਿਕ ਵਿਚ ਭਾਂਬੜ ਮੱਚ ਮੱਚ ਉਠਦੇ, ਨਾਲ ਰਜਾਈਆਂ ਖਹਿ ਕੇ ।
ਧੀ ਤਾਂ ਤੇਰੀ ਹੋ ਗਈ ਬੁਢੜੀ, ਬੰਦ ਨੀਂ ਕੈਦ ਵਿਚ ਰਹਿ ਕੇ ।
ਨੀ ਮਾਏ ਤੈਨੂੰ ਸਬਰ ਪਵੇ, ਕੁੰਜ ਕੈਦ ਵਿਚ ਸਹਿਕੇ ।

o o

ਨਵੀਂ ਮੂਨ ਤੇ ਫਿਰਨ ਸ਼ਿਕਾਰੀ, ਚਾਰ ਚੁਫੇਰਿਉਂ ਘੇਰੀ ।
ਉਮਰ ਜਵਾਨੀ ਕੁਝ ਨਹੀਂ ਜਾਣਦੀ, ਵਾਂਗ ਪੁਰੇ ਦੀ ਨੇਰੀ ।
ਕਿਸੇ ਨਾਥ ਦੀ ਬਣ ਜਾ ਚੇਲੀ, ਉਚੀ ਮਲ ਲੈ ਢੇਰੀ ।
ਕੈਂਪਸ ਪੜਦੀ ਦੀ, ਢਲਗੀ ਜਵਾਨੀ ਤੇਰੀ ।

o o

ਭਾਗਭਰੀ ਦਾ ਵਿਆਹ ਧਰ ਛਡਿਆ, ਕੌਣ ਤਰੀਖਾਂ ਮੋੜੇ ।
ਚਾਅ ਨਾਲ ਤਿਆਰੀ ਕਰਦੀ, ਦਿਨ ਵੀ ਰਹਿ ਗਏ ਥੋੜੇ ।
ਰੱਥ ਗਡਿਆਂ ਦੀ ਜੰਞ ਚਲ ਆਵੇ, ਬੀੜ ਕਾਬਲੀ ਘੋੜੇ ।
ਰੋਵੇ ਭਾਗਭਰੀ, ਮਾਪਿਓਂ ਪਏ ਵਿਛੋੜੇ ।

o o

ਬੰਤੋ ਸੰਤੋ ਦੋਵੇਂ ਭੈਣਾਂ, ਇਕੋ ਘਰ ਵਿਚ ਵਿਆਹੀਆਂ ।
ਬੰਤੋ ਦਾ ਘਰਵਾਲਾ ਨੌਕਰ, ਦੂਜਾ ਕਰੇ ਕਮਾਈਆਂ ।
ਬੰਤੋ ਬਹਿੰਦੀ ਅੱਡੀਆਂ ਕੂਚ ਕੇ, ਸੰਤੋ ਦੇਵੇ ਦੁਹਾਈਆਂ ।
ਲੋਕੀ ਦੇਖ ਰਹੇ, ਦੋਵੇਂ ਕਰਨ ਲੜਾਈਆਂ ।

o o

ਨਾਭਾ ਸ਼ਹਿਰ ਤਾਂ ਵਸੇ ਮੌਜ ਨਾਲ, ਜਾਣੇ ਦੁਨੀਆਂ ਸਾਰੀ ।
ਪਰੀਆਂ ਵਾਲਾ ਰੂਪ ਧਾਰ ਕੇ, ਜਨਮੀ ਪਪਲੋ ਨਾਰੀ ।
ਅੱਡੀਆਂ ਮਾਰ ਕੇ ਧਰਤੀ ਦਮਕੇ, ਕੀਲੇ ਨਾਗ ਪਟਿਆਰੀ ।
ਇਕ ਧੀ ਮਾਪਿਆਂ ਦੇ, ਲਗਦੀ ਜਾਨ ਤੋਂ ਪਿਆਰੀ ।

o o

ਹਾਲੀਆਂ ਨੇ ਜਦ ਬਲਦ ਜੋੜ ਲਏ, ਖੜਕ ਗਈਆਂ ਗਲ ਟੱਲੀਆਂ ।
ਕਮਲ ਰਮਨ ਤਾਂ ਦੋਵੇਂ ਭੈਣਾਂ, ਪੜ੍ਹਨ ਕਾਲਜੇ ਚੱਲੀਆਂ ।
ਮਗਰ ਉਹਨਾਂ ਦੇ ਫਿਰੇ ਸ਼ਿਕਾਰੀ, ਆ ਕੇ ਰਾਹਵਾਂ ਮੱਲੀਆਂ ।
ਧਨ ਚਿਤ ਮਾਪਿਆਂ ਦਾ, ਘਰੋਂ ਤੋਰੀਆਂ ਕੱਲੀਆਂ ।

o o

ਹਿੰਦ ਤੇ ਪਾਕ ਦੀ ਜੰਗ ਛਿੜ ਪੈਂਦੀ, ਘਰ ਘਰ ਚਿੱਠੀਆਂ ਆਈਆਂ ।
ਨਿਤ ਆਵੇ ਜਦ ਪੁਛਦੀ ਡਾਕੀਏ, ਪਰ ਤੈਂ ਚਿੱਠੀਆ ਨਾ ਪਾਈਆਂ ।
ਵੇ ਘਰ ਨੂੰ ਮੁੜ ਸਜਣਾ, ਭਾਰਤ ਜਿਤਿਆ ਲੜਾਈਆਂ ।
ਬੰਗਲਾ ਆਜ਼ਾਦ ਹੋ ਗਿਆ, ਹਿੰਦ ਨੂੰ ਮਿਲਣ ਵਧਾਈਆਂ ।

o o

ਹਿੰਦ ਤੇ ਪਾਕ ਦੇ ਹੋ ਗਏ ਟਾਕਰੇ, ਕਰ ਫੌਜਾਂ ਦੀ ਤਿਆਰੀ ।
ਆਪਣੇ ਯਾਰ ਦੀ ਸੁੱਖ ਸੁਖ ਲੈਂਦੀ, ਸ਼ਾਮੋ ਨਾਰ ਪਿਆਰੀ ।
ਦੋਵੇਂ ਪਾਸੇ ਚੱਲਣ ਗੋਲੀਆਂ, ਖੇਡਣ ਪਏ ਸ਼ਿਕਾਰੀ ।
ਮਹਿਕਾਂ ਘਰ ਵੰਡਦੀ, ਜੋਬਨ ਭਰੀ ਕਿਆਰੀ ।

o o

www.PunjabiLibrary.com

ਕੈਂਪਸ ਦੇ ਵਿਚ ਕਰ ਕੇ ਐਮ. ਏ. ਵਿਚ ਡਿਪਲੋਮੇ ਆਈ ।
ਮੁੰਡਿਆਂ ਦੇ ਵਿਚ ਦਾਲ ਗਲੇ ਨਾ, ਅੱਖ ਬੁਢੜੇ ਤੇ ਲਾਈ ।
ਸੁਰਖੀ ਬਿੰਦੀ ਅਤੇ ਡੋਰੀਆ, ਚਮਕੇ ਦੂਣ ਸਵਾਈ ।
ਕਦੇ ਹਾਜਰੀ ਕਦੇ ਇਸ਼ਕ ਦੀ, ਜਾਵੇ ਗਲ ਚਲਾਈ ।
ਇਕ ਪ੍ਰੋਫੈਸਰ ਦੇ, ਡੋਰ ਪਤੰਗ ਜਿਉਂ ਪਾਈ ।

o o

ਨਿਹੁੰ ਲਗ ਜਾਵਣ ਜੋਰੋ ਜੋਰੀ, ਹਟਦੇ ਨਹੀਂ ਹਟਾਇਆਂ ।
ਉਮਰ ਇਲਮ ਤੇ ਰਿਸ਼ਤੇ ਵਾਲਾ, ਝਗੜਾ ਖੂਬ ਮੁਕਾਇਆ ।
ਤੰਦ ਇਸ਼ਕ ਦੀ ਜਦ ਪਕ ਜਾਵੇ, ਚਮਕੇ ਰੂਪ ਸਵਾਇਆ ।
ਮੁੰਡਿਆਂ ਦੇ ਨਾਲ ਵੈਰ ਕਮਾ ਕੇ, ਸਾਰਾ ਮਾਨ ਗੁਆਇਆ ।
ਇਕ ਪ੍ਰੋਫੈਸਰ ਨੇ, ਚਿਤ ਕੁੜੀਆਂ ਤੇ ਲਾਇਆ ।

o o

ਸੁਣ ਵੇ ਅਫਸਰਾ ਜੀਪ ਵਾਲਿਆ, ਕਿਸ਼ਤ ਲੈਣ ਤੂੰ ਆਇਆ ।
ਅਧੇ ਪਿੰਡ ਦੇ ਮੁਰਗੇ ਖਾ ਗਿਆ, ਕਰਜ਼ਾ ਜਦੋਂ ਕਢਾਇਆ ।
ਮੱਕੀ ਬਾਜਰਾ ਤੋਤੇ ਖਾ ਗਏ, ਰਬ ਨੇ ਮੀਂਹ ਨਹੀਂ ਪਾਇਆ ।
ਅਗਲੀ ਹਾੜੀ ਕਿਸ਼ਤ ਭਰਾਂਗੇ, ਤੈਨੂੰ ਆਖ ਸੁਣਾਇਆ ।
ਐਥੋਂ ਮੁੜ ਜਾ ਵੇ, ਕਾਹਤੋਂ ਮਾਲ ਡਰਾਇਆ ।

o o

ਅਫਸਰ ਛੜਾ ਸਟੈਨੋ ਸੋਹਣੀ, ਟੱਲੀਆਂ ਮਾਰ ਬੁਲਾਵੇ ।
ਚਿਠੀਆਂ ਲਿਖਣੀਆਂ ਕਾਪੀ ਚੁਕ ਲਿਆ, ਕਰ ਸੈਨਤ ਸਮਝਾਵੇ ।
ਇਸ਼ਕ ਅਵੱਲਾ ਤਣ ਕੇ ਤਾਣਾ, ਤੰਦ ਪਿਆਰ ਦੀ ਪਾਵੇ ।
ਡਰਦੀ ਅਫਸਰ ਤੋਂ, ਉਹ ਦਫਤਰ ਨਾ ਜਾਵੇ ।

o o

ਧਾਵੇ ਧਾਵੇ ਧਾਵੇ ਚੜ੍ਹ ਕੇ ਹਾਥੀ ਤੇ, ਲਮਢੀਂਗ ਬੰਦੂਕ ਚਲਾਵੇ ।
ਬਕਰੀ ਦਾ ਢਿਡ ਫੁਟ ਗਿਆ, ਮੇਰੀ ਹਾਸੀ ਨਿਕਲਦੀ ਜਾਵੇ ।
ਇਕ ਪਿੰਡ ਮੈਂ ਦੇਖਿਆ, ਜਿਥੇ ਗਧਾ ਜਾਂਘੀਆ ਪਾਵੇ ।
ਅਗੇ ਜਾ ਕੇ ਕੀ ਦੇਖਿਆ ? ਖੜਾ ਘੋਗੜ ਘੋਲ ਕਰਾਵੇ ।
ਇਕ ਗਲ ਹੋਰ ਸੁਣੀ, ਜਿਥੇ ਕੀੜੀ ਸੁਰਮਾ ਪਾਵੇ ।
ਕਾਟੇ ਟਾਹਲੀ ਤੇ, ਯਾਰੋ ਬਹਿ ਕੇ ਬੀਨ ਵਜਾਵੇ ।
ਅਗੇ ਜਾ ਕੇ ਕੀ ਦੇਖਿਆ ? ਚੂਹੀ ਰੇਲ ਨੂੰ ਘੜੀਸੀ ਜਾਵੇ ।
ਤੁਰਦੀ ਬੁਲਬੁਲ ਦੀ, ਸਿਫਤ ਕਰੀ ਨਾ ਜਾਵੇ ।

o o

ਹਲਦੀ ਹਲਦੀ ਜਮਦੂਤ ਆ ਉਤਰੇ, ਯਾਰੋ ਉਡ ਗਈ ਕੌਧਰੀ ਡਰਦੀ ।
ਕਬੂਤਰਾਂ ਨੇ ਗਲ ਮਥ ਲਈ, ਨਾਲੇ ਤੋਤਿਆਂ ਨੇ ਪਾਈ ਅਰਜ਼ੀ ।
ਘੋਗੜ ਚਤਰ ਬਣਿਆ, ਜੇਹੜਾ ਖਬਰ ਨਾ ਜਾਣੇ ਘਰ ਦੀ ।
ਉਠ ਘੋੜੇ ਕੀ ਗਿਣਨੇ, ਗਊ ਲਗਦੀ ਸੋਹਣੀ ਚਰਦੀ ।
ਜੂੰ ਨੂੰ ਇਸ਼ਕ ਪਿਆ, ਸਭ ਦੇ ਪਿੰਡੇ ਤੇ ਚੜ੍ਹਦੀ ।
ਸਿਰ ਦਾ ਸਾਫਾ ਲੈ ਲੈ ਮਧਰੀਏ, ਕੁੜਤੀ ਸਿਵਾ ਲੈ ਗਲ ਦੀ ।
ਝਾਂਜਰ ਮਧਰੋ ਦੀ, ਬਹਿ ਜਾ ਬਹਿ ਜਾ ਕਰਦੀ ।

o o

www.PunjabiLibrary.com

ਸੁਣ ਨੀ ਮੇਰੇ ਪਿੰਡ ਦੀਏ ਖੂਹੀਏ, ਮੈਂ ਪਾਣੀ ਭਰ ਭਰ ਥਕੀ ।
ਮਹਿੰ ਵਰਗਾ ਹੈ ਜਿਗਰਾ ਤੇਰਾ, ਐਪਰ ਤੂੰ ਨਾ ਅੱਕੀ ।
ਭਿਜ ਭਿਜ ਮੇਰੀ ਲਜ ਵੀ ਟੁਟੀ, ਮੌਣ ਵੀ ਖੁਰ ਗਈ ਪੱਕੀ ।
ਤੌਬਾ ਨੀ ਖੂਹੀਏ ਤੌਬਾ, ਮੈਂ ਤੌੜ ਨਿਭਾ ਨਾ ਸਕੀ ।

o o

ਗੌਰਮਿੰਟ ਨੇ ਕਢ ਕੇ ਸੜਕਾਂ, ਥਾਂ ਥਾਂ ਬੱਸਾਂ ਚਲਾਈਆਂ ।
ਸਿਨਮਾ ਦੇਖਣ ਜਾਣ ਸ਼ਹਿਰ ਨੂੰ, ਰਲ ਨਣਦਾਂ ਭਰਜਾਈਆਂ ।
ਕੁੜਤੀ ਤੇ ਮੌਰਨੀਆਂ, ਗਭਰੂ ਲੁਟਣ ਨੂੰ ਪਾਈਆਂ ।
ਟਹਿਲਣ ਸੜਕਾਂ ਤੇ ਜਿਉਂ ਪਾਣੀ ਮੁਰਗਾਈਆਂ ।

o o

o o

ਬੰਨੇ ਤੌੜ ਕੇ ਕਰੀਆਂ ਚਾਲੂ, ਪੈ ਗਏ ਪਿਆਰ ਜਮੀਨਾਂ ।
ਜਟ ਖੇਤਾਂ ਦੇ ਹੋਏ ਰਾਜੇ, ਖੇਤੀ ਕਰਨ ਮਸ਼ੀਨਾਂ ।
ਭਾਂਤ ਭਾਂਤ ਦੇ ਉਗਾਏ ਮੇਵੇ, ਮਹਿੰਗਾ ਵਿਕੇ ਪਦੀਨਾ ।
ਏਸ ਵਪਾਰੀ ਨੇ ਲੁਟ ਲਿਆ ਖੂਨ ਪਸੀਨਾ ।

o o

o o

ਨਿਕੀ ਨਿਕੀ ਗੱਲ ਉਤੇ, ਜੱਟ ਲੜ ਪੈਂਦੇ ।
ਪਾਣੀ ਦਿਆਂ ਨਕਿਆਂ ਤੇ, ਵਢ ਦੇਂਦੇ ਲਤ ਨੀ ।
ਠਾਣੇਦਾਰ ਆਖੇ, ਪਿੰਡ 'ਚ ਕੁਪੱਤ ਨੀ ।
ਏਹਨਾਂ ਦੀ ਰੁਲਾ ਤੀ ਦਾਰੂ ਮਿੱਟੀ ਵਿਚ ਮੱਤ ਨੀ ।

o o

ਬਲੇ ਬਲੇ ਪਈ ਕੁੜੀਆਂ ਪੰਜਾਬ ਦੀਆਂ,
ਆਈਆਂ ਬਣ ਕੇ ਅਰਸ਼ ਦੀਆਂ ਪਰੀਆਂ ।
ਬਈ ਖੇਤਾਂ ਵਿਚ ਟਹਿਲਦੀਆਂ ਲਾ ਕੇ ਜੁੱਤੀ ਨੂੰ ਰੇਸ਼ਮੀ ਜਰੀਆਂ ।
ਨੈਣਾਂ ਵਿਚੋਂ ਆਵੇ ਮਸਤੀ, ਪਹਿਲੇ ਤੋੜ ਚੋਂ ਸੁਰਾਹੀਆਂ ਭਰੀਆਂ ।
ਬਈ ਧਰਤ ਪੰਜਾਬ ਦੀਆਂ, ਨਾਲ ਖ਼ੂਨ ਦੇ ਰੌਣੀਆਂ ਕਰੀਆਂ ।
ਤਲੀਆਂ ਤੇ ਸੀਸ ਉਗ ਪਏ, ਅਗੇ ਟੈਂਕਾਂ ਦੇ ਛਾਤੀਆਂ ਧਰੀਆਂ ।

o o

ਆਓ ਵੇ ਮੁੰਡਿਓ, ਆਓ ਨੀ ਕੁੜੀਓ ।
ਅਸੀਂ ਰਲ ਕੇ ਵਿਸਾਖੀ ਵਾਲੇ ਮੇਲੇ ਜਾਵਾਂਗੇ ।
ਤੇ ਤੁਸੀਂ ਪਾਇਉ ਭੰਗੜਾ, ਤੇ ਅਸੀਂ ਗਿੱਧਾ ਪਾਵਾਂਗੇ ।
ਵੇ ਹਾਣੋ ਹਾਣ ਰਲ ਕੇ, ਜੁਆਨੀਆਂ ਦਾ ਹੜ੍ਹ ਲਿਆਵਾਂਗੇ ।

o o

www.PunjabiLibrary.com

ਸੁਣੋ ਨੀ ਮੇਰੇ ਹਾਣ ਦੀਓ, ਮੈਂ ਲਾਲਾਂ ਵਾਲੇ ਚੱਲੀ ।
ਮੇਰੇ ਹਮਰਾਹੀ ਤੁਰ ਗਏ ਕਾਹਲੇ, ਮੈਂ ਤਾਂ ਰਹਿ ਗਈ ਕੱਲੀ ।
ਬਿਨਾਂ ਬੁਲਾਏ ਵੀ ਲੜ ਪੈਂਦੀ, ਦੇਖੋ ਸੱਸ ਅਵੱਲੀ ।
ਹਾਏ ਨੀ ਮੇਰੇ ਹਾਣ ਦੀਓ, ਸੱਸ ਝੋਟੇ ਵਾਂਗੂ ਮੱਲੀ ।

o o

ਇਹ ਵੀਰ ਪੰਜਾਬੀ ਸੂਰੇ, ਰਲ ਗਾਉਂਦੇ ਹੱਸਦੇ ਨੱਚਦੇ ।
ਇਹ ਦਿਲ ਦਰਿਆ ਡੂੰਘੇ, ਬਣ ਭਾਈ ਭਾਈ ਵਸਦੇ ।
ਵੰਗਾਰਨ ਜੋ ਅਣਖਾਂ ਨੂੰ, ਏਹਨਾਂ ਤੋਂ ਡਰ ਨਸਦੇ ।
ਅਣਖਾਂ ਲਈ ਮਰ ਮਿਟਣਾ, ਇਤਿਹਾਸ ਦੇ ਪੱਤਰੇ ਦਸਦੇ ।

o o

ਆਜਾ ਸੁਣ ਪਾਂਡਿਆ ਵੇ, ਹਥ ਮੇਰਾ ਵੇਖ ਵੇ ।
ਕਿਹੋ ਜਿਹੇ ਲਿਖੇ ਦਸ, ਕਰਮਾਂ ਦੇ ਲੇਖ ਵੇ ।
ਮੰਨਾਂ ਤੈਨੂੰ ਫੇਰ, ਮਾਰੇਂ ਰੇਖ ਵਿਚ ਮੇਖ ਵੇ ।
ਇਲਮ ਤੋਂ ਖਾਲੀ ਜਾਪੇ ਐਵੇਂ ਤੇਰਾ ਭੇਖ ਵੇ ।

o o

ਹੱਥ ਦੀ ਲਕੀਰ ਬੀਬੀ ਤੇਰੀ ਮੈਨੂੰ ਦਸਦੀ ।
ਗਮਾਂ ਵਿਚ ਜਾਵੇਂ ਨੀ ਤੂੰ ਵਿਚੇ ਵਿਚ ਧਸਦੀ ।
ਮਾਹੀ ਤੇਰਾ ਤੈਨੂੰ ਛਡ, ਗਿਆ ਪਰਦੇਸ ਨੀ ।
ਤੇਰੇ ਨਾਲ ਤੇਰੀ ਸਸ ਨਿਤ ਕਰਦੀ ਕਲੇਸ਼ ਨੀ ।
ਤੈਨੂੰ ਘੋਲ ਕੇ ਤਵੀਤ ਪਿਲਾਵਾਂ ਕੁੜੀਏ ।
ਨੀ ਤੇਰੀ ਸਸ ਵਾਲੀ ਅਲਖ ਮੁਕਾਵਾਂ ਕੁੜੀਏ ।

o o

ਰਮਨ ਤੇ ਬਾਬੀ ਦੋਵੇਂ ਭੈਣਾਂ, ਸ਼ਕਲਾਂ ਖੂਬ ਰਲਾਈਆਂ ।
ਸਾਲ ਸੋਲਵੇਂ ਗੀਦਲਾਂ ਸਰੋਂ ਦੀਆਂ, ਪੜ੍ਹਨ ਕਾਲਜੇ ਲਾਈਆਂ ।
ਆਸ਼ਕ ਖੜਦੇ ਮੋੜ ਘੋਰ ਕੇ, ਖਾਵਣ ਭੁਲ ਭੁਲਾਈਆਂ ।
ਇਕ ਦੂਜੀ ਨੂੰ ਭੁਲ ਕੇ ਛੇੜਦੇ, ਸ਼ਕਲਾਂ ਸਿਆਣ ਨਾ ਆਈਆਂ ।
ਕੁੜਤੀ ਤੇ ਮੋਰਨੀਆਂ ਛੜੇ ਲੁਟਣ ਨੂੰ ਪਾਈਆਂ ।

o o

ਰੜਕੇ ਰੜਕੇ ਵਿਚ ਫਰਮਾਹੀ ਦੇ, ਦੋਵੇਂ ਜੱਟ ਤੇ ਬਾਣੀਆ ਲੜ ਪੈ ।
ਬਾਣੀਏ ਨੇ ਜੱਟ ਸਿਟ ਲਿਆ, ਉਤੇ ਪਏ ਦਾ ਕਾਲਜਾ ਧੜਕੇ ।
ਬਾਣੀਏ ਦੇ ਭਾਅ ਦੀ ਬਣੀ, ਕਠੇ ਲੋਕ ਦੇਖਦੇ ਖੜ ਕੇ ।
ਹੇਠੋਂ ਉਠ ਲੈਣ ਦੇ, ਤੇਰੇ ਲਾਉਂਗਾ ਡੈਡਕੇ ਘੜ ਕੇ ।

o o

www.PunjabiLibrary.com

ਛੜਾ ਛੜਾ ਤੂੰ ਆਖੀ ਜਾਵੇਂ, ਚਿੱਤ ਘਬਰਾਉਂਦਾ ਮੇਰਾ।
ਛੜੇ ਜੇਠ ਤੋਂ ਲਗਦਾ ਤੈਨੂੰ, ਚੰਗਾ ਸਾਧ ਬਸ਼ੇਰਾ।
ਤੂੰ ਛੜਿਆਂ ਤੇ ਜੋੜੇ ਬੋਲੀਆਂ, ਮੈਂ ਵੀ ਜੋੜਾਂ ਹੇਰਾ।
ਏਹਨਾਂ ਛੜਿਆਂ ਨੇ ਕੀ ਚੁਕ ਲਿਆ ਦਸ ਤੇਰਾ।

o o

ਫੱਟੀਆਂ ਜੋੜ ਕੇ ਰੇਲ ਕਰ ਲਈ, ਇੰਜਣ ਕਰਾ ਲਿਆ ਕਾਲਾ।
ਵਿਚ ਤਾਂ ਉਹਦੇ ਬਹਿ ਗਿਆ ਪਟੋਲਾ ਹੇਰੇ ਮੂੰਗੀਏ ਵਾਲਾ।
ਚਿਤ ਤਾਂ ਉਹਤੇ ਇਉਂ ਡੁਲ੍ਹ ਜਾਂਦਾ, ਜਿਉਂ ਬੋਤਲ ਵਿਚ ਪਾਰਾ।
ਛਿਪ ਗਿਆ ਚੰਦ ਵਾਂਗੂ, ਛੜਿਆਂ ਦਾ ਰਖਵਾਲਾ।

o o

ਉਹ ਭਾਜੀ ਪਾ ਗਏ ਨੇ, ਅਸੀਂ ਮੋੜਾਂਗੇ ਨਿਉਂਦਾ।
ਉਹਨਾਂ ਨਿੰਦਿਆ ਛੜਿਆਂ ਨੂੰ ਸਾਨੂੰ ਬਹੁਤ ਦੁਖ ਆਉਂਦਾ।
ਫਕਰਾਂ ਦੇ ਸਿਰ ਤੇ ਹੀ, ਉਹ ਖਾਂਦੇ ਮਨ ਭਾਉਂਦਾ।
ਜੇ ਨਾ ਹੁੰਦੇ ਜੇਠ ਛੜੇ, ਕੌਣ ਭਾਬੀਆਂ ਦਾ ਮੁਲ ਪਾਉਂਦਾ।

o o

ਪੱਕ ਗਈ ਕਣਕ ਭੁਰ ਗੀਆਂ ਬਲੀਆਂ, ਵਢ ਲਏ ਸਾਰੇ ਛੋਲੇ ।
ਛੋਲਿਆਂ ਨੂੰ ਤਾਂ ਝਾੜ ਝਾੜ ਕੇ, ਘਰ ਦੇ ਭਰੇ ਭੜੋਲੇ ।
ਛੜੇ ਜੇਠ ਨੇ ਕਰੀ ਕਮਾਈ, ਫੇਰ ਪਲੇ ਨ ਕੋਲੇ ।
ਨੀ ਕਾਹਤੋਂ ਛੜਿਆਂ ਨੂੰ ਬੋਲ ਕਸੂਤੇ ਬੋਲੇ ।

o o

ਕਾਹਤੋਂ ਭਾਬੀਏ ਹੋ ਗਈ ਔਖੀ, ਜੋ ਆਖੇਂ ਕਰ ਆਈਏ ।
ਤੇਰਾ ਜੇਠ ਮੰਦਾ ਨਾ ਬੋਲੇ, ਕਾਹਤੋਂ ਵੈਰ ਕਮਾਈਏ ।
ਚਾਰ ਦਿਨਾਂ ਦੀ ਇਹ ਜ਼ਿੰਦਗਾਨੀ, ਪਿਆਰਾਂ ਨਾਲ ਲੰਘਾਈਏ ।
ਇਹਨਾਂ ਛੜਿਆਂ ਤੋਂ ਕਿਉਂ ਔਖੀ ਭਰਜਾਈਏ ।

o o

ਬੋਦੀ ਵਾਲਾ ਤਾਰਾ ਚੜ੍ਹਿਆ, ਘਰ ਘਰ ਹੋਣ ਵਿਚਾਰਾਂ ।
ਪੰਡਤ ਬਹਿ ਕੇ ਲਾਉਣ ਜੋਤਿਸ਼ਾਂ, ਮੰਤਰ ਪੜ੍ਹਨ ਹਜ਼ਾਰਾਂ ।
ਫਿਕਰਾਂ ਦੇ ਵਿਚ ਬੁਢੀਆਂ ਹੋ ਰਹੀਆਂ, ਪਤਲੋ ਜਹੀਆਂ ਮੁਟਿਆਰਾਂ ।
ਛੜਿਆਂ ਤੇ ਮਿਹਰ ਕਰੇ, ਰਬ ਨੂੰ ਅਰਜ਼ ਗੁਜਾਰਾਂ ।

o o

www.PunjabiLibrary.com

ਉਡ ਗਈਆਂ ਚਿੜੀਆਂ ਉਡ ਗਏ ਤੋਤੇ, ਉਡ ਗਏ ਪੰਛੀ ਸਾਰੇ ।
ਸਾਰੀ ਰਾਤ ਮੈਂ ਕਰਾਂ ਉਡੀਕਾਂ, ਤੈਂ ਬਚਨਾਂ ਦੇ ਮਾਰੇ ।
ਤੇਰੇ ਬਾਝੋਂ ਕਿਹੜਾ ਸਾਡੀ ਇਹ ਤੱਤੀ ਹਿਕ ਠਾਰੇ ।
ਨੀ ਅਖੀਆਂ ਮੋੜ ਗਈ, ਲਾ ਛੜਿਆਂ ਨੂੰ ਲਾਰੇ ।

o o

ਮਿਠੀਆਂ ਮਾਰ ਕੇ ਇਹ ਠਗ ਲੈਂਦੇ, ਐਵੇਂ ਮੂੰਹ ਨਾ ਲਾਈਏ ।
ਖੜ ਕੇ ਮੋੜ ਤੇ ਕਰਨ ਮਸ਼ਕਰੀ, ਦੜ ਵਟ ਲੰਘ ਜਾਈਏ ।
ਕਤਕ ਦੀ ਜੇ ਪਵੇ ਬਿਮਾਰੀ, ਰਬ ਦਾ ਸ਼ੁਕਰ ਮਨਾਈਏ ।
ਇਹਨਾਂ ਛੜਿਆਂ ਦਾ, ਰਤਾ ਵਿਸਾਹ ਨਾ ਖਾਈਏ ।

o o

ਕਤਕ ਕੌਣ ਕਿਸੇ ਦਾ ਬਣਦਾ, ਦੁਖੜੇ ਸਹੇ ਪ੍ਰਾਣੀ ।
ਚੰਦਰਮਾ ਨੇ ਕੀ ਫਲ ਪਾਇਆ, ਭੋਗੀ ਨਾਰ ਬਿਗਾਨੀ ।
ਆਪਦੇ ਘਰ ਵਿਚ ਜੀਅ ਪਰਚਾਈਏ, ਘਰ ਦੀ ਹੋਵੇ ਜ਼ਨਾਨੀ ।
ਬਦੀਆਂ ਨਾ ਕਰ ਵੇ, ਦੋ ਦਿਨ ਦੀ ਜ਼ਿੰਦਗਾਨੀ ।

o o

ਰਬ ਦੀ ਭਗਤੀ ਕਰਦਾ ਬਹਿ ਕੇ, ਛੜਾ ਸਾਧ ਹੋ ਜਾਵੇ ।
ਅਠੋ ਪਹਿਰ ਤਾਂ ਮਾਲਾ ਫੇਰਦਾ, ਰਬ ਨੂੰ ਪਿਆ ਮਨਾਵੇ ।
ਜੈਸਾ ਆਇਆ ਜਾਵਾਂ ਜਗਤ ਤੋਂ, ਝੋਰਾ ਹੱਡਾਂ ਨੂੰ ਖਾਵੇ ।
ਰਬ ਨੂੰ ਅਰਜ਼ ਕਰੇ, ਨਾਰ ਕੋਈ ਮਿਲ ਜਾਵੇ ।

o o

ਟੀਂ ਟੀਂ ਕਰਕੇ ਹਰਿਆ ਤੋਤਿਆ, ਤੂੰ ਕਾਹਤੋਂ ਉਡ ਜਾਵੇਂ ।
ਤੇਰੀ ਨਾ ਮੈਂ ਸਮਝਾਂ ਬੋਲੀ, ਆਪੇ ਦਸ ਕੀ ਗਾਵੇਂ ।
ਟੀਂ ਟੀਂ ਕਰ ਮੈਂ ਬੋਲਾਂ ਅੜੀਏ, ਤੋਤਾ ਪਿਆ ਪੁਕਾਰੇ ।
ਆਪਣੀ ਅਕਲ ਗੁਆ ਕੇ ਬਹਿ ਗਏ, ਜੋ ਹੁਸਨਾਂ ਦੇ ਮਾਰੇ ।
ਸੋਹਣਿਆਂ ਤੇ ਇਤਬਾਰ ਨਾ ਕਰੀਏ, ਝੂਠੇ ਲਾਉਂਦੇ ਲਾਰੇ ।
ਪਟਤੇ ਸੋਹਣਿਆਂ ਨੇ, ਰੋਂਦੇ ਛੜੇ ਵਿਚਾਰੇ ।

o o

ਮੋਰ ਬੋਲਦੇ ਕੋਇਲ ਬੋਲਦੀ, ਪਾਲ ਪਈ ਵਿਚ ਦਰ ਦੇ ।
ਸੁਚੇ ਮੋਤੀ ਹਾਰ ਪਰੋਂਦੀ, ਪਾ ਬਹਿੰਦੀ ਵਿਚ ਗਲ ਦੇ ।
ਆਓ ਸਹੇਲੀਓ ਦੇਖਣ ਚਲੀਏ, ਆਸ਼ਕ ਸੂਲੀ ਚੜ੍ਹਦੇ ।
ਮਰ ਜਾਓ ਵੇ ਛੜਿਓ, ਦੇਖ ਰੰਨਾਂ ਨੂੰ ਸੜਦੇ ।

o o

www.PunjabiLibrary.com

ਤਖਤ ਹਜ਼ਾਰਾ ਜਨਮ ਚਾਕ ਦਾ, ਨਾਉਂ ਰਾਂਝਾ ਸੀ ਧਰਿਆ ।
ਮਾਂ ਸਮਰਥੀ ਮੰਜੂ ਬੁਢੜਾ, ਨਿਕੇ ਹੁੰਦੇ ਦਾ ਮਰਿਆ ।
ਤਖਤ ਹਜ਼ਾਰਿਓਂ ਤੁਰ ਕੇ ਰਾਂਝਾ, ਰਾਹ ਸਿਆਲਾਂ ਦੇ ਪੜਿਆ ।
ਪਹਿਲੀ ਰਾਤ ਮਸੀਤੀਂ ਕਟ ਲਈ, ਉਥੇ ਕਾਜੀ ਡਰਿਆ ।
ਕਾਜੀ ਦੇ ਦੋ ਧੀਆਂ ਮੁਟਿਆਰਾਂ, ਖੌਫ ਉਹਨਾਂ ਦਾ ਕਰਿਆ ।
ਪਟੀਆਂ ਸਹੇਲੀਆਂ ਮੁਨੀਆਂ ਪਿਨਣੀਆਂ, ਖੈਰ ਹਥਾ ਨਹੀਂ ਛੜਿਆ ।
ਰਾਂਝਾ ਉਠ ਤੁਰਿਆ, ਫਿਕਰ ਹੀਰ ਦਾ ਕਰਿਆ ।

o o

ਰਾਂਝਾ ਚਾਕ ਦਾ ਪਹੁੰਚਿਆ ਕੈਂਪ ਤੇ, ਨਾਲ ਲੁਡਣ ਦੇ ਲੜਿਆ ।
ਲੁਡਣ ਮਲਾਹ ਨੇ ਢੋਹਤੀ ਬੇੜੀ, ਉਤੇ ਬੇੜੀ ਦੇ ਚੜ੍ਹਿਆ ।
ਤਿੰਨ ਸੌ ਸਠ ਸਹੇਲੀ ਹੀਰ ਦੀ, ਕਟਕ ਰੰਨਾਂ ਦਾ ਚੜ੍ਹਿਆ ।
ਛਮਕਾਂ ਮਾਰ ਕੇ ਉਠਾ ਲਿਆ ਸੇਜ ਤੋਂ, ਉਤੇ ਸੇਜ ਦੇ ਪੜਿਆ ।
ਹੀਰ ਦੇਖ ਕੇ ਖਾ ਗਈ ਡੌਲਾ, ਸ਼ੁਕਰ ਖੁਦਾ ਦਾ ਕਰਿਆ ।
ਫੜ ਕੇ ਬਾਹੋਂ ਲੈ ਗਈ ਚਾਕ ਨੂੰ, ਮਾਹੀ ਮਹੀਆਂ ਦਾ ਕਰਿਆ ।
ਮਿਲ ਕੇ ਰਾਂਝੇ ਨੂੰ ਹੀਰ ਕਾਲਜਾ ਠਰਿਆ ।

o o

ਰਾਂਝਾ ਹੀਰ ਦਾ ਲਗ ਗਿਆ ਨੌਕਰ, ਉਠ ਪਾਣੀ ਜਿਉਂ ਤਰਿਆ ।
ਇਕ ਮਾਹੀ ਉਸ ਲਿਆਂਦਾ ਲੰਭ ਕੇ, ਜਾਪੇ ਗੁਣਾਂ ਦਾ ਭਰਿਆ ।
ਅਧੀ ਰਾਤੀਂ ਮਝੀਆਂ ਛੇੜਦਾ, ਜਾਂਦਾ ਕਦੇ ਨਹੀਂ ਡਰਿਆ ।
ਰਾਂਝੇ ਚਾਕ ਦੀ ਪੈ ਗਈ ਪੇਸ਼ੀ, ਜਾ ਚੂਚਕ ਦੇ ਖੜਿਆ ।
ਲੈ ਗਈ ਰਾਂਝੇ ਨੂੰ ਸ਼ੁਕਰ ਹੀਰ ਨੇ ਕਰਿਆ ।

o o

ਜਾ ਚੂਚਕ ਦਾ ਲਗਿਆ ਪਾਲੀ, ਨਾਲ ਭਾਬੀਆਂ ਲੜ ਕੇ ।
ਹੀਰ ਤਾਂ ਕੁਟ ਕੇ ਦੇਵੇ ਚੂਰੀ, ਖੰਡ ਤੇ ਘਿਓ ਵਿਚ ਰਲ ਕੇ ।
ਰਾਂਝਾ ਚਾਕ ਵੀ ਖਾਵੇ ਚੂਰੀਆਂ, ਹਥੋਂ ਹੀਰ ਦਿਉਂ ਫੜ ਕੇ ।
ਰੋਟੀ ਲੈ ਕੇ ਹੋਵੇ ਲੇਟ ਜੇ, ਤਕਦਾ ਹੀਰ ਨੂੰ ਖੜ੍ਹ ਕੇ ।
ਮਿਲਦੀ ਰਾਂਝੇ ਨੂੰ ਲੰਮੀਆਂ ਬਾਹਾਂ ਕਰ ਕੇ ।

o o

ਉਠਣ ਬੈਠਣ ਇਹ ਨਾ ਜਾਣੇ, ਜਾਪੇ ਜਿੰਨ ਭੜੋਲਾ ।
ਘਰ ਆਵੇ ਤਾਂ ਭੰਨੇ ਭਾਂਡੇ, ਮੂੰਹ ਦਾ ਹੈ ਬੜਬੋਲਾ ।
ਦੁਖ ਦੀ ਮਾਰੀ ਉਡ ਜਾਂ ਪੇਕੀਂ, ਬਣ ਕੇ ਵਾਅ ਵਰੋਲਾ ।
ਹਾਏ ਮਰ ਜਾਵੇ ਨੀ, ਬੇਈਮਾਨ ਵਿਚੋਲਾ ।

o o

ਮੇਰੇ ਮਾਪਿਆਂ ਵਿਆਹ ਕਰ ਛਡਿਆ, ਮੈਥੋਂ ਰਖ ਕੇ ਚੋਰੀ ।
ਘੁੰਡ ਕਢ ਕੇ ਮੈਂ ਲਾਵਾਂ ਲਈਆਂ, ਏਦਾਂ ਡੋਲੀ ਤੋਰੀ ।
ਤੂੰ ਤਾਂ ਲਗਦੈਂ ਬੇਰ ਕਾਕੜਾ, ਮੈਂ ਗੰਨੇ ਦੀ ਪੋਰੀ ।
ਵੇ ਤੇਰੀ ਮੇਰੀ ਨਹੀਂ ਨਿਭਣੀ, ਤੂੰ ਕਾਲਾ ਮੈਂ ਗੋਰੀ ।

o o

ਜੀਹਨੂੰ ਮੈਂ ਵਿਆਹੀ, ਸਹੀਓ ਬਣ ਗਿਆ ਜੱਜ ਨੀ।
ਦੁਨੀਆਂ ਵਿਚ ਭਾਵੇਂ ਮੇਰੀ, ਉਚੀ ਹੋ ਗਈ ਲਜ ਨੀ।
ਮਿਸਲਾਂ ਫਰੋਲਦੇ ਨੂੰ ਜਾਣ ਬਾਰਾਂ ਵਜ ਨੀ।
ਇਕ ਦਿਨ ਨਹੀਂ, ਉਸਦਾ ਰੋਜ਼ ਇਹੋ ਪੱਜ ਨੀ।
ਸਾਡੀ ਜ਼ਿੰਦਗੀ ਦਾ ਬੁਝੋ, ਦਸ ਕੀ ਐ ਹਜ ਨੀ।

o o

ਮੇਰੇ ਮਾਪਿਆਂ ਨੇ ਮੈਨੂੰ, ਲਭਿਆ ਵਕੀਲ ਨੀ।
ਹਰ ਗੱਲ ਵਿਚ ਭੈੜਾ, ਦਿੰਦਾ ਏ ਦਲੀਲ ਨੀ।
ਸਾਰਾ ਦਿਨ ਮੈਨੂੰ ਬੜਾ, ਕਰਦਾ ਜ਼ਲੀਲ ਨੀ।
ਹਾਇ ਨੀ ਮੇਰੇ ਹਾਣ ਦੀਓ, ਕਿਥੇ ਕਰਾਂ ਮੈਂ ਅਪੀਲ ਨੀ।

o o

ਸੁੱਖਾਂ ਸੁਖਦੀ ਨੂੰ ਆਇਆ, ਅਜ ਮੇਰਾ ਵੀਰ ਵੇ।
ਬੂਰੀ ਮੱਝ ਚੋ ਕੇ ਮੈਂ ਬਣਾਈ ਮਿਠੀ ਖੀਰ ਵੇ।
ਨਚ ਨਚ ਖੁਸ਼ੀਆਂ 'ਚ, ਆਏ ਅਖੋਂ ਨੀਰ ਵੇ।
ਮਾਰ ਲੂੰਗੀ ਮਾਹੀਏ ਦੇ, ਜੁਦਾਈ ਵਾਲੇ ਤੀਰ ਵੇ।

o o

www.PunjabiLibrary.com

ਅਧੀ ਰਾਤੀ ਤੂੰ ਘਰ ਵੜਦਾ, ਆ ਕੇ ਕਰੇਂ ਲੜਾਈ ।
ਅਨਪੜ੍ਹ ਨਾਲੋਂ ਭੈੜਾ ਹੋਇਆ, ਕਿਧਰ ਗਈ ਪੜ੍ਹਾਈ ।
ਮੇਰਾ ਦਿਲ ਭੁਜ ਹੋ ਗਿਆ ਕੋਲਾ, ਰੇਤਾ ਜਿਵੇਂ ਕੜ੍ਹਾਈ ।
ਰੋਵਾਂ ਮਾਪਿਆਂ ਨੂੰ ਜੀਹਨੇ ਚੁੰਨੀ ਫੜਾਈ ।

o o

ਨੀ ਮੈਂ ਰੋਟੀਆਂ ਪਕਾਵਾਂ, ਨਾਲੇ ਅਖ ਮੇਰੀ ਫਰਕੇ ।
ਆਉਣਾ ਮੇਰੇ ਵੀਰ, ਜਿਹੜਾ ਵਾਅਦੇ ਗਿਆ ਕਰ ਕੇ ।
ਤੀਆਂ ਵਾਲੇ ਦਿਨ ਹੁਣ, ਨੇੜੇ ਆਣ ਸਰਕੇ ।
ਦਿੰਦਾ ਨਹੀਓਂ ਜਾਣ, ਹਾਏ ਨੀ ਬੇੜਾ ਇਹਦਾ ਗਰਕੇ ।

o o

ਬਤੀ ਬਾਲ ਕੇ ਰਹੀ ਦੇਖਦੀ, ਅਖੀਆਂ 'ਚ ਨੀਂਦਰ ਰੜਕੇ ।
ਸਾਰੀ ਰਾਤ ਮੈਂ ਰਹੀ ਜਾਗਦੀ, ਆ ਗਿਆ ਪਹਿਰ ਦੇ ਤੜਕੇ ।
ਦਾਰੂ ਪੀ ਕੇ ਤੂੰ ਘਰ ਆਵੇਂ, ਆ ਕੇ ਬਦਲ ਜਿਉਂ ਕੜਕੇ ।
ਪੇਕੀਂ ਤੁਰ ਜੂੰਗੀ, ਮੈਂ ਤੇਰੇ ਨਾਲ ਲੜ ਕੇ ।

o o

ਕਾਲੇ ਕਾਲੇ ਘਗਰੇ ਤੇ, ਚਿਟੇ ਚਿਟੇ ਫੁਲ ਵੇ ।
ਜਾਣ ਦੇ ਤੂੰ ਮਾਹੀਆ, ਸਾਥੋਂ ਹੋ ਗਈ ਬੜੀ ਭੁਲ ਵੇ ।
ਮਾਰ ਕੇ ਤੂੰ ਮੈਨੂੰ ਦੀਵਾ ਕਰ ਲਈਂ ਨਾ ਗੁਲ ਵੇ ।
ਜਠਾਣੀ ਵਾਲੀ ਗੱਲ ਵਿਚ, ਦੇਖੀਂ ਕਿਤੇ ਆਈਂ ਨਾ ।
ਆਪਣੇ ਟੱਬਰ ਨੂੰ, ਮਾਰ ਕੇ ਮੁਕਾਈਂ ਨਾ ।

o o

ਬਲੇ ਬਲੇ ਨੀ ਢੋਲ ਪੰਜਾਬੀ ਦੀ, ਮੈਥੋਂ ਸਿਫਤ ਕਰੀ ਨਾ ਜਾਵੇ ।
ਨੀ ਟਾਹਲੀ ਵਾਲੇ ਖੇਤ ਨਣਦੇ, ਤੇਰਾ ਵੀਰ ਸੁਹਾਗਾ ਲਾਵੇ ।
ਨੀ ਬਲਦਾਂ ਦੇ ਸਿੰਗ ਨਚਦੇ, ਤੇਰਾ ਵੀਰ ਬੋਲੀਆਂ ਪਾਵੇ ।
ਨੀ ਭਾਬੋ ਤੇਰੀ ਵਟ ਤੇ ਖੜੀ, ਉਹ ਰੋਟੀ ਖਾਣ ਨਾ ਆਵੇ ।
ਨੀ ਜੱਟ ਵਾਲੀ ਅੜੀ ਫੜ ਲੀ, ਉਹ ਮਿੰਨਤਾਂ ਪਿਆ ਕਰਾਵੇ ।

o o

ਵਿਸਾਖ ਮਹੀਨੇ ਮਾਰ ਸੁਨਹਿਰੀ, ਪਕੀਆਂ ਕਣਕ ਦੀਆਂ ਬਲੀਆਂ ।
ਨਣਦ ਤੇ ਭਾਬੀ ਰੋਟੀ ਲੈ ਕੇ, ਪਰਲੇ ਖੇਤ ਨੂੰ ਚਲੀਆਂ ।
ਹਾਲੀਆਂ ਪਾਲੀਆਂ ਰਾਹ ਵਿਚ ਖੜ ਕੇ, ਆ ਕੇ ਰਾਹਵਾਂ ਮਲੀਆਂ ।
ਬਚਾ ਲੈ ਜ਼ੈਲਦਾਰਾ ਵੇ, ਫਸਾਈਆਂ ਕਾਹਤੋਂ ਕਲੀਆਂ ।

o o

ਸੁਣ ਵੇ ਮੁੰਡਿਆ ਮੇਰੇ ਹਾਣ ਦਿਆ, ਤੈਨੂੰ ਆਖ ਸੁਣਾਵਾਂ ।
ਮਾਂ ਤੇਰੀ ਨਿਤ ਲੜਦੀ ਰਹਿੰਦੀ, ਮੈਂ ਸਹੁਰੀਂ ਨਾ ਜਾਵਾਂ ।
ਭਾਈਆਂ ਤੇ ਭਰਜਾਈਆਂ ਤੇਰੇ, ਵੰਝੀਆਂ ਮਝੀਆਂ ਗਾਵਾਂ ।
ਜੇਠ ਕੁਪੱਤਾ ਮਰ ਜਾਏ ਜੇਕਰ, ਰੱਬ ਦਾ ਸ਼ੁਕਰ ਮਨਾਵਾਂ ।
ਜਾ ਕੇ ਅੱਡ ਹੋ ਜਾ, ਤੇਰਾ ਜਸ ਗਿਧਿਆਂ ਵਿਚ ਗਾਵਾਂ ।

o o

ਉਰਲੇ ਖੇਤ ਵਿਚ ਕਣਕਾਂ ਬੀਜੀਆਂ, ਪਰਲੇ ਖੇਤ ਵਿਚ ਛੋਲੇ ।
ਰੋਟੀ ਲੈ ਕੇ ਆਵਾਂ ਹਾਣੀਆਂ, ਨਰਮ ਕਾਲਜਾ ਡੋਲੇ ।
ਰਾਹ ਵਿਚ ਚੰਦਰਾ ਜੇਠ ਖਲੋਵੇ, ਹੋ ਕਣਕਾਂ ਦੇ ਉਹਲੇ ।
ਬਾਂਹ ਫੜ ਕੇ ਖੜ ਜਾਂਦਾ ਭੈੜਾ, ਬੋਲ ਕਸੂਤੇ ਬੋਲੇ ।
ਵੇ ਏਹਨੂੰ ਅਡ ਕਰਦੇ, ਕੀ ਕਰਦੈ ਤੇਰੇ ਕੋਲੇ ।

o o

ਕਦੇ ਤਾਂ ਵੇ ਮੇਰੇ ਮਾਹੀਆ, ਫਿਲਮ ਦਿਖਾਦੇ ਵੇ ।
ਉੱਚੀ ਅੱਡੀ ਵਾਲੇ ਨਾਲੇ, ਸੈਂਡਲ ਪਵਾ ਦੇ ਵੇ ।
ਬਿੰਦੀ ਸੁਰਖੀ ਲਾਵਾਂ, ਨਾਲ ਸ਼ਹਿਰਨਾਂ ਰਲਾ ਦੇ ਵੇ ।
ਅੱਜ ਮੇਰੀ ਜੱਟੀ ਦਾ ਤੂੰ, ਦਿਲ ਪਰਚਾ ਦੇ ਵੇ ।

o o

www.PunjabiLibrary.com

ਸੁਣ ਵੇ ਮੁੰਡਿਆ ਮੇਰੇ ਹਾਣ ਦਿਆ, ਤੈਨੂੰ ਆਖ ਸੁਣਾਵਾਂ ।
ਮਾਂ ਤੇਰੀ ਨਿਤ ਲੜਦੀ ਰਹਿੰਦੀ, ਮੈਂ ਸਹੁਰੀਂ ਨਾ ਜਾਵਾਂ ।
ਭਾਈਆਂ ਤੇ ਭਰਜਾਈਆਂ ਤੇਰੇ, ਵੰਞੀਆਂ ਮਝੀਆਂ ਗਾਵਾਂ ।
ਜੇਠ ਕੁਪੱਤਾ ਮਰ ਜਾਏ ਜੇਕਰ, ਰੱਬ ਦਾ ਸ਼ੁਕਰ ਮਨਾਵਾਂ ।
ਜਾ ਕੇ ਅੱਡ ਹੋ ਜਾ, ਤੇਰਾ ਜਸ ਗਿਧਿਆਂ ਵਿਚ ਗਾਵਾਂ ।

o o

ਉਰਲੇ ਖੇਤ ਵਿਚ ਕਣਕਾਂ ਬੀਜੀਆਂ, ਪਰਲੇ ਖੇਤ ਵਿਚ ਛੋਲੇ ।
ਰੋਟੀ ਲੈ ਕੇ ਆਵਾਂ ਹਾਣੀਆਂ, ਨਰਮ ਕਾਲਜਾ ਡੋਲੇ ।
ਰਾਹ ਵਿਚ ਚੰਦਰਾ ਜੇਠ ਖਲੋਵੇ, ਹੋ ਕਣਕਾਂ ਦੇ ਉਹਲੇ ।
ਬਾਂਹ ਫੜ ਕੇ ਖੜ ਜਾਂਦਾ ਭੈੜਾ, ਬੋਲ ਕਸੂਤੇ ਬੋਲੇ ।
ਵੇ ਏਹਨੂੰ ਅਡ ਕਰਦੇ, ਕੀ ਕਰਦੈ ਤੇਰੇ ਕੋਲੇ ।

o o

ਕਦੇ ਤਾਂ ਵੇ ਮੇਰੇ ਮਾਹੀਆ, ਫਿਲਮ ਦਿਖਾਦੇ ਵੇ ।
ਉੱਚੀ ਅੱਡੀ ਵਾਲੇ ਨਾਲੇ, ਸੈਂਡਲ ਪਵਾ ਦੇ ਵੇ ।
ਬਿੰਦੀ ਸੁਰਖੀ ਲਾਵਾਂ, ਨਾਲ ਸ਼ਹਿਰਨਾਂ ਰਲਾ ਦੇ ਵੇ ।
ਅੱਜ ਮੇਰੀ ਜੱਟੀ ਦਾ ਤੂੰ, ਦਿਲ ਪਰਚਾ ਦੇ ਵੇ ।

o o

ਪਿਆਰਾਂ ਵਾਲੀ ਰੁੱਤ ਤੇ, ਸਿਆਲਾਂ ਵਾਲੀ ਰਾਤ ਵੇ ।
ਅੱਜ ਮੇਰੇ ਮਾਹੀਆ ਮੈਨੂੰ ਆਵੇਂ ਬੜਾ ਯਾਦ ਵੇ ।
ਸੁਪਨਿਆਂ ਵਿਚ ਤੇ ਕੀਤੀ ਫਰਿਆਦ ਵੇ ।
ਛੁੱਟੀ ਲੈਕੇ ਆ ਜਾ ਹੁਣ ਪੱਕ ਗਏ ਕਮਾਦ ਵੇ ।

o o

ਖੇਤਾਂ ਵਿਚ ਵੱਜਦੀਆਂ, ਬੈਲਾਂ ਦੀਆਂ ਟੱਲੀਆਂ ।
ਰੋਟੀ ਲੈਕੇ ਆਵਾਂ, ਅਗੇ ਜੇਠ ਰਾਹਵਾਂ ਮੱਲੀਆਂ ।
ਗੋਦੀ ਚੁਕ ਲੈ ਜਾਵੇ, ਮੈਂ ਰੁਲ ਗਈ ਇਕੱਲੀ ਆਂ ।
ਟਿੱਬਿਆਂ ਦੇ ਰਾਹਾਂ ਵਿਚ ਹੋਈ ਵੇ ਮੈਂ ਝੱਲੀ ਆਂ ।

o o

ਤੇਰੇ ਨਾਲ ਮੇਰੇ ਮਾਹੀਆ, ਜਾਣਾ ਮੈਂ ਕਲੱਬ ਵੇ ।
ਪਿੰਡ ਵਾਲੀ ਜੱਟੀ ਦੀ ਤੂੰ, ਦੇਖੀਂ ਉਥੇ ਛੱਬ ਵੇ ।
ਮੁੜਦੀ ਨਹੀਂ ਮੋੜੀ, ਭਾਵੇਂ ਆਵੇ ਸਾਰਾ ਜੱਗ ਵੇ।
ਲੈ ਚਲ ਨਾਲ ਅੱਜ ਮਾਹੀਆ ਆਖੇ ਲੱਗ ਵੇ ।

o o

ਸੁਣ ਵੇ ਉਡਦਿਆ ਕਾਲਿਆ ਕਾਵਾਂ, ਤੈਨੂੰ ਆਖ ਸੁਣਾਵਾਂ।
ਕਹਿ ਦੇ ਜਾ ਕੇ ਢੋਲ ਮਾਹੀ ਨੂੰ, ਵਿਛੜੀ ਕੂੰਜ ਕੁਰਲਾਵਾਂ।
ਮਾਹੀ ਖਾਤਰ ਕੋਇਲ ਕੂਕਦੀ, ਦਸ ਕੀ ਹੋਰ ਸਮਝਾਵਾਂ।
ਵੇ ਆਖੀਂ ਮਾਹੀਏ ਨੂੰ, ਮੈਂ ਖੜੀ ਵਾਸਤੇ ਪਾਵਾਂ।

o o

ਜੇ ਤੂੰ ਚੌਬਰਾ ਹੋਣੈ ਭਰਤੀ, ਮੈਂ ਵੀ ਮਗਰੇ ਆਵਾਂ।
ਜਿਸ ਛਾਉਣੀ ਤੂੰ ਕਰੇਂ ਨੌਕਰੀ, ਮੈਂ ਵੀ ਨਾਮ ਲਿਖਾਵਾਂ।
ਦੁਸ਼ਮਣ ਦੀ ਜੇ ਚਲਦੀ ਗੋਲੀ, ਮੈਂ ਵੀ ਟੈਂਕ ਚਲਾਵਾਂ।
ਵੇ ਮੇਰੀ ਮੰਨ ਢੋਲਾ, ਮੈਂ ਭਰਤੀ ਹੋ ਜਾਵਾਂ।

o o

ਸੁਣ ਵੇ ਕਬੂਤਰ ਚੀਨਿਆ, ਤੈਨੂੰ ਆਖ ਸੁਣਾਵਾਂ।
ਆਹ ਲੈ ਲੈ ਜਾ ਚਿੱਠੀ ਮੇਰੀ, ਤੇਰੇ ਪੈਰੀ ਪਾਵਾਂ।
ਕਹਿ ਦੇ ਜਾ ਕੇ ਢੋਲ ਮਾਹੀ ਨੂੰ, ਮੈਂ ਪਈ ਕਾਗ ਉਡਾਵਾਂ।
ਢੋਲਾ ਘਰ ਆਵੇ, ਮੈਂ ਫਿਰ ਈਦ ਮਨਾਵਾਂ।

o o

ਸੁਣੋ ਨੀ ਸੁਣਾਵਾਂ, ਪਹਿਲੀ ਰਾਤ ਦੀ ਕਹਾਣੀ ਨੀ।
ਡਰਦੀ ਦਾ ਹੋ ਗਿਆ ਸਰੀਰ, ਪਾਣੀ ਪਾਣੀ ਨੀ।
ਮੇਰੇ ਮਾਹੀ ਨੇ ਬੁਲਾਇਆ, ਮੈਨੂੰ ਆਖ ਰਾਣੀ ਨੀ।
ਆਇਆ ਘੁਟ ਲਾ ਕੇ, ਮੈਂ ਵੀ ਅੱਜ ਪਛਾਣੀ ਨੀ।
ਮੈਂ ਮਚਲੀ ਹੋਕੇ ਚੁੱਪ ਕਰਗੀ, ਉਹ ਮਿਨਤਾਂ ਨਾਲ ਬੁਲਾਵੇ।
ਹਾਏ ਨੀ ਮੇਰੇ ਹਾਣ ਦੀਓ, ਇੰਝ ਰਾਤ ਮੇਰੀ ਲੰਘ ਜਾਵੇ।

o o

ਪਹਿਲੀ ਪਹਿਲੀ ਵਾਰ ਮੈਨੂੰ, ਮਾਹੀਆ ਲੇਣ ਆਇਆ।
ਨੀ ਮੈਂ ਉਸ ਤੋਂ ਬੜਾ ਸ਼ਰਮਾਂਦੀ।
ਮਲੋ ਮਲੀ ਛਣਕ ਗੀਆਂ, ਪਾਈਆਂ ਪੈਰਾਂ 'ਚ ਪੰਜੇਬਾਂ ਚਾਂਦੀ।
ਧੌਣ ਉਤੇ ਪਾਵੇ ਭੰਗੜਾ, ਮੇਰੀ ਗੁੱਤ ਨਾਲ ਲਾਲ ਪਰਾਂਦੀ।
ਨੀ ਕੁੜੀਆਂ ਆਖ ਰਹੀਆਂ, ਮੈਂ ਵੀ ਸੰਗਦੀ ਕੋਲ ਨਾਂ ਜਾਂਦੀ।

o o

ਤੀਆਂ ਵਿਚ ਨੱਚਦੀ ਤੇ, ਮਾਹੀਆ ਮੇਰਾ ਆਇਆ ਨੀ।
ਨੀ ਉਹ ਵਾਰੇ ਨੱਤੀਆਂ, ਅਸੀਂ ਗਿੱਧਾ ਪਾਇਆ ਨੀ।
ਸਾਲੀਆਂ ਦੇ ਨਾਲ ਉਹਨੇ, ਦਿਲ ਪਰਚਾਇਆ ਨੀ।
ਨਾਲੇ ਮੂੰਹ ਦੇ ਵਿਚੋਂ, ਆਖੇ ਕੁਝ ਹੋਰ ਕੁੜੀਓ।
ਨੀ ਅੱਜ ਤੀਆਂ ਵਿਚ, ਮੱਚ ਗਿਆ ਸ਼ੋਰ ਕੁੜੀਓ।

o o

www.PunjabiLibrary.com

ਸੁਪਨਿਆਂ 'ਚ ਮਿਲਿਆ ਰਾਤੀ, ਮੈਨੂੰ ਮੇਰਾ ਢੋਲ ਨੀ।
ਕੰਨਾਂ ਵਿਚ ਰਿਹਾ ਕੁਝ, ਮੈਨੂੰ ਮੁਖੋਂ ਬੋਲ ਨੀ।
ਦੁੱਖੜਿਆਂ ਦੀ ਪੰਡ ਮੈਂ ਵੀ, ਬੈਠੀ ਅਗੋਂ ਫੋਲ ਨੀ।
ਗਮਾਂ ਵਾਲੀ ਖੰਡ ਦਿਤੀ, ਦੁੱਧ ਵਿਚ ਘੋਲ ਨੀ।
ਮੇਰੇ ਨਾਲ ਰਾਤੀਂ ਰਿਹਾ, ਕਰਦਾ ਕਲੋਲ ਨੀ।

o o

ਚੱਲ ਮੇਰੇ ਹਾਣੀਆਂ ਵੇ ਮੱਸਿਆ ਤੇ ਚਲੀਏ।
ਮੇਲਿਆਂ ਨੂੰ ਜਾਣ ਲੱਕੀਂ, ਉਠ ਰਾਹਵਾਂ ਮੱਲੀਏ।
ਪਿਆਰ ਦੇ ਸੁਨੇਹੇ, ਸੱਚੇ ਗੁਰੂ ਤਾਈਂ ਘੱਲੀਏ।
ਝੂਠ ਤੇ ਤੂਫ਼ਾਨ ਦੀਆਂ ਬੇੜੀਆਂ ਨੂੰ ਠੱਲੀਏ।

o o

ਚਰਖੇ ਤੇ ਤੰਦ ਮਾਹੀਆ, ਤੇਰੇ ਨਾਂ ਦੀ ਪਾਨੀ ਆਂ।
ਕੱਤ ਕੱਤ ਸੂਤ ਵੇ ਮੈਂ, ਖੇਸੀਆਂ ਬਣਾਨੀ ਆਂ।
ਆਉਣਾ ਮੇਰੇ ਮਾਹੀ, ਨੀ ਮੈਂ ਵਾਰੋ ਵਾਰੇ ਜਾਨੀ ਆਂ।
ਉਹਦੇ ਆਉਣ ਲਈ, ਨੀ ਮੈਂ ਖੁਸ਼ੀਆਂ ਮਨਾਨੀ ਆਂ।

o o

ਕਣਕ ਤੇ ਮੱਕੀ ਦੀਆਂ ਰੋਟੀਆਂ ਪਕਾਨੀ ਆਂ ।
ਪਾਲਕ ਤੇ ਗੰਦਲਾਂ ਦਾ ਸਾਗ ਮੈਂ ਬਣਾਨੀ ਆਂ ।
ਤੂਤਾਂ ਵਾਲੇ ਖੇਤ ਨਾਲੇ, ਰੋਟੀ ਲੈਕੇ ਜਾਨੀ ਆਂ ।
ਵਿਚ ਰੁੱਗ ਮਖਣੀ ਦਾ ਪਾਵਾਂਗੀ, ਨੀ ਮਾਹੀ ਵਾਲੀ ਸਿਹਤ ਬਣਾਵਾਂਗੀ ।

o o

ਚੜ੍ਹਕੇ ਆ ਗਿਆ ਬੱਦਲ ਸੌਣ ਦਾ, ਠੰਡੀਆਂ ਵਗਣ ਹਵਾਵਾਂ ।
ਘਰ ਆਉਣਾ ਮੇਰੇ ਢੋਲ ਮਾਹੀ ਨੇ, ਮੈਂ ਦੁੱਧ ਨੂੰ ਜਾਗ ਨਾ ਲਾਵਾਂ ।
ਪੀ ਨਾ ਜਾਣ ਮਲਾਈਆਂ ਕਿਧਰੇ, ਮੈਂ ਪਈ ਕਾਗ ਉਡਾਵਾਂ ।
ਨੀ ਸਾਡੇ ਵੇਹੜੇ ਚੰਨ ਚੜ੍ਹਨਾ, ਮੈਂ ਲੱਖ ਲੱਖ ਸ਼ੁਕਰ ਮਨਾਵਾਂ ।

o o

ਢੋਲ ਮਾਹੀ ਨੂੰ ਦੇਈਂ ਸੁਨੇਹਾ, ਮੇਰੇ ਕਾਲਿਆ ਕਾਵਾਂ ।
ਕੋਇਲਾਂ ਵਾਂਗੂੰ ਬ੍ਰਿਹੁ ਤਪਦਾ, ਵਿਛੜੀ ਕੂੰਜ ਕੁਰਲਾਵਾਂ ।
ਵੇ ਉਡ ਜਾ ਸੁਨੇਹੇ ਵਾਲਿਆ, ਤੈਨੂੰ ਚੂਰੀਆਂ ਨਾਲ ਰਜਾਵਾਂ ।
ਵੇ ਮਾਹੀ ਪਰਦੇਸ ਗਿਆ, ਮੈਂ ਲਿਖ ਚਿੱਠੀਆਂ ਪਾਵਾਂ ,

o o

ਸੁਣ ਵੇ ਮੇਰੇ ਪਿੰਡ ਦਿਆ ਪਿੱਪਲਾ, ਤੇ ਪੀਂਘਾਂ ਅਸਾਂ ਝੁਟਾਈਆਂ ।
ਦਿਨ ਤੀਆਂ ਤੇਰੀ ਯਾਦ ਸਤਾਵੇ, ਤਾਂ ਉਠ ਪੇਕੇ ਆਈਆਂ ।
ਹਾੜ ਮਹੀਨੇ ਮਾਨਣ ਛਾਵਾਂ, ਪਿੰਡ ਦੀਆਂ ਮੱਝੀਆਂ ਗਾਈਆਂ ।
ਵੇ ਪਿੱਪਲਾ ਸਹੁੰ ਤੇਰੀ, ਝੱਲੀਆਂ ਨਾ ਜਾਣ ਜੁਦਾਈਆਂ ।
ਵੇ ਮਾਹੀ ਮੇਰੇ ਜੰਗ ਜਿੱਤਿਆ, ਮੈਨੂੰ ਮਿਲਣ ਵਧਾਈਆਂ ।

o o

ਦੂਰ ਵਾਲੇ ਖੇਤਾਂ ਵਿਚ ਬੀਜੀਆਂ ਕਪਾਹਾਂ, ਵੱਟਾਂ ਉਤੇ ਬੀਜੇ ਤਿਲ ਮਾਹੀਆ ।
ਤੇਰਾ ਆਉਣ ਉਡੀਕੇ ਸਾਡਾ ਦਿਲ ਮਾਹੀਆ ।
ਆਇਆ ਪੋਹ ਦਾ ਮਹੀਨਾ, ਛੇਤੀ ਮਿਲ ਮਾਹੀਆ ।
ਤੇਰਾ ਮੁੜ ਕੇ ਵਸਾਹ ਨਾ ਖਾਵਾਂ ਵੇ, ਤੇਰੇ ਨਾਲ ਫੌਜ ਵਿਚ ਜਾਵਾਂ ਵੇ ।

o o

ਨੀ ਮਾਪਿਆਂ ਤੇਰਿਅ ਵਿਆਹ ਕਰ ਛਡਿਆ, ਨਾਲ ਤੋਰ ਤੀ ਮੇਰੇ ।
ਖੁੰਡਾਂ ਉਤੇ ਚੋਬਰ ਰੋਂਦੇ, ਸਾਧ ਰੋਂਵਦੇ ਡੇਰੇ ।
ਯਾਰਾਂ ਨਾਲੋਂ ਵਿਛੜੀ ਕੂਕਦੀ, ਫਿਕਰਾਂ ਘਤੇ ੇਰੇ ।
ਨੀ ਤੋਤੇ ਪੇਕਿਆਂ ਦੇ, ਬੁੱਲ ਚੂਸਗੇ ਪਤਲੀਏ ਤੇਰੇ ।

o o

ਘਰ ਮਾਪਿਆਂ ਦੇ ਮੌਜਾਂ ਮਾਣੀਆਂ, ਮੈਂ ਕੀ ਜਾਣਾਂ ਲੋਕਾਂ ।
ਅੰਮੜੀ ਮੇਰੀ ਸਖਤ ਸੁਭਾ ਦੀ, ਬਹੁਤ ਲਾਂਵਦੀ ਰੋਕਾਂ ।
ਬੁਰੀਂ ਨਜ਼ਰ ਦੀਆਂ ਗੋਰੇ ਰੰਗ ਨੂੰ, ਵੱਢ ਕੇ ਖਾ ਗਈਆਂ ਟੋਕਾਂ ।
ਵੇ ਸੀਰੀ ਲਾਉਂਦੀ ਦੇ, ਲਹੂ ਚੂਸਗੀਆਂ ਜੋਕਾਂ ।

o o

ਗੋਲੇ ਗੋਲੇ ਗੋਲੇ, ਨੀਂ ਬਾਪੂ ਨੇ ਵਿਆਹ ਕਰਤਾ, ਜੇਹੜਾ ਰਾਤੀ ਫਾਇਲਾਂ ਫੋਲੇ ।
ਮੈਨੂੰ ਕਹਿੰਦਾ ਕੱਪ ਚਾਹ ਕਰਦੇ, ਨਾਲ ਧਰਦੇ ਮੰਜੇ ਦੇ ਕੋਲੇ ।
ਫਾਇਲਾਂ ਵਿਚ ਰਹੇ ਖੁਬਿਆ, ਨਾਲੇ ਵਰਕੇ ਪਿਆ ਫਰੋਲੇ ।
ਉਡੀਕਦੀ ਦੀ ਅੱਖ ਲਗ ਗਈ, ਨੀਂ ਉਹ ਤਰਸ ਜਰਾ ਨਾ ਗੋਲੇ ।
ਉਡ ਜਾ ਪੇਕਿਆਂ ਨੂੰ, ਬਣਕੇ ਵਾਹ ਬਰੋਲੇ ।
ਆਖ ਬਾਬਲ ਨੂੰ, ਬਾਬੂ ਕੰਤ ਨਾ ਟੋਲੇ ।

o o

ਕਣਕਾਂ ਦੇ ਖਤਾਂ ਵਿਚ ਉਗਿਆ ਪਦੀਨਾ,
ਤੋੜ ਤੋੜ ਕੁੰਡੀ ਵਿਚ ਰਗੜਿਆ ਨੀਂ ।
ਮਾਹੀ ਨਿੱਕੀ ਜਿਹੀ ਗੱਲ ਉਤੋਂ ਝਗੜਿਆ ਨੀਂ ।
ਪਹਿਲੀ ਪਹਿਲੀ ਵਾਰ ਨੀਂ, ਮੈਂ ਗਈ ਮੁਕਲਾਵੇ,
ਜੱਟ ਹੋਕੇ ਸ਼ਰਾਬੀ ਆਇਆ ਨੀਂ ।
ਅਸੀਂ ਮੰਜੇ ਉਤੋਂ ਚੁੱਕ ਕੇ ਵਗਾਇਆ ਨੀਂ ।

o o

www.PunjabiLibrary.com

ਗੱਡੀ ਜੋੜ ਕੇ ਲੈਣ ਆ ਗਿਆ, ਨਾਲ ਉਸਦੇ ਹਾਣੀ ।
ਗਟ ਗਟ ਕਰਕੇ ਪੀਣ ਬੋਤਲਾਂ, ਘੁੱਟ ਨਾ ਭਰਦੇ ਪਾਣੀ ।
ਮੱਥਾ ਟੇਕਦਾ ਸੱਸ ਆਪਣੀ ਨੂੰ, ਮਿੱਠੀ ਬੋਲਦਾ ਬਾਣੀ ।
ਛੋਟੀ ਸਾਲੀ ਤਾਂ ਕਰੇ ਮਸ਼ਕਰੀ, ਲੈ ਕੁੜੀਆਂ ਦੀ ਢਾਣੀ ।
ਰਾਂਝਾ ਆਖ ਰਿਹਾ, ਤੁਰ ਚਲ ਹੀਰ ਸਿਆਣੀ ।
ਤੇ ਘਰ ਪੇਕਿਆਂ ਦੇ, ਮੌਜ ਬਥੇਰੀ ਮਾਣੀ ।

o o

ਕੰਤ ਨਾਰ ਦਾ ਪੈ ਗਿਆ ਝਗੜਾ, ਜਿਸ ਦਿਨ ਲਿਆਂਦੀ ਵਿਆਹ ਕੇ ।
ਵੱਡੀ ਜੇਠਾਣੀ ਕਰਲੀ ਚੁਗਲੀ, ਕਹਿ ਗਈ ਕੰਨ ਵਿਚ ਆਕੇ ।
ਸੌਂਕਣ ਨੂੰ ਮੈਂ ਘਰੋਂ ਕਢਾਵਾਂ, ਨਹੀਂ ਮਰਦੀ ਵਿਹੁ ਖਾਕੇ ।
ਸੌਂਕਣ ਜੇ ਰਖਣੀ ਮੈਂ ਕਿਉਂ ਲਿਆਂਦੀ ਵਿਆਹ ਕੇ ।

o o

ਮੇਰਾ ਵੱਡਾ ਵੀਰ ਲਿਆਇਆ, ਸ਼ਹਿਰ ਤੋਂ ਭਾਬੀ ਨੀਂ ।
ਉਚੀ ਅੱਡੀ ਵਾਲੀ ਜੇਹੜੀ, ਪਹਿਨਦੀ ਰਕਾਬੀ ਨੀਂ ।
ਉਚੀ ਲੰਮੀ ਸੋਹਣੀ, ਨਾਲੇ ਰੰਗ ਦੀ ਗੁਲਾਬੀ ਨੀਂ ।
ਬੋਲਦੀ ਐ ਬੋਲੀ ਮਿੱਠੀ, ਮਾਝੇ ਦੀ ਪੰਜਾਬੀ ਨੀਂ ।

o o

ਭਾਬੀਏ ਸੁਣਾ ਦੇ ਕਦੋਂ ਆਊ, ਤੇਰਾ ਭਾਈ ਨੀਂ ।
ਚੋਰੀ ਛਿਪੇ ਅੱਖ ਮੈਂ ਤਾਂ, ਉਹਦੇ ਨਾਲ ਲਾਈ ਨੀਂ ।
ਹੱਡ ਬੀਤੀ ਤੈਨੂੰ ਭਾਬੀ, ਆਪੇ ਮੈਂ ਸੁਣਾਈ ਨੀਂ ।
ਇਸ਼ਕੇ ਦੀ ਪੁੜੀ ਉਹਨੇ ਘੋਲਕੇ ਪਿਲਾਈ ਨੀਂ ।

o o

1929

ਲੰਬੜਾਂ ਦੇ ਮੁੰਡੇ ਨਾਲ, ਭਾਬੀ ਲੜੀ ਅੱਖ ਨੀਂ ।
ਵਾਸਤੇ ਮੈਂ ਪਾਵਾਂ, ਹਾਏ ਕੋਹ ਮੇਰਾ ਰੱਖ ਨੀਂ ।
ਉਹਦੇ ਬਿਨਾ ਮੈਨੂੰ, ਚੰਗਾ ਲਗਦ[illegible] ਸੱਤ ਨੀਂ ।
ਭਾਵੇਂ ਜਾਵੇ ਜਾਨ, ਉਹਤੋਂ ਹੋਵਾਂ ਨਾ ਅਲੱਗ ਨੀਂ ।

Punjabi Bhawan Library
Institute of
Sikh Studies
Chandigarh

o

ਉਠ ਨੀਂ ਨਣਦੇ, ਗਾ ਨੀਂ ਨਣਦੇ ।
ਇਸ਼ਕੇ ਦੀ ਤੰਦ ਪਾ ਨੀਂ ਨਣਦੇ ।
ਗੀਤ ਸੱਜਣ ਦੇ ਗਾ ਨੀਂ ਨਣਦੇ ।
ਤੇਰੇ ਵੀਰ ਦੀਆਂ ਯਾਦਾਂ ਲਿਆ ਖਾ ਨੀਂ ਨਣਦੇ ।
ਉਹਨੂੰ ਚਿੱਠੀਆਂ ਤੂੰ ਪਾਕੇ ਬੁਲਾ ਨੀਂ ਨਣਦੇ ।
ਤੇਰੀ ਭਾਬੀ ਵਾਲਾ ਹਾਲ ਸੁਣਾ ਨੀਂ ਨਣਦੇ ।

o o

www.PunjabiLibrary.com

ਅੱਠ ਦਿਨ ਹੋ ਗਏ ਮੀਂਹ ਪੈਂਦੇ ਨੂੰ, ਲੱਗੀਆਂ ਸਾਉਣ ਦੀਆਂ ਝੜੀਆਂ।
ਰੋਟੀ ਲੈਕੇ ਜਾਣਾ ਢੋਲ ਦੀ, ਭਿਉਂਤੀ ਪੁਰੇ ਦੀਆਂ ਕਣੀਆਂ।
ਬਾਬਲ ਦੇ ਘਰ ਅਨਪੜ੍ਹ ਰਹਿਕੇ, ਮੁਸ਼ਕਲ ਸਹੁਰੇ ਬਣੀਆਂ।
ਮੌਜਾਂ ਮਾਣਦੀਆਂ ਜੋ ਕੈਂਪਸ ਵਿਚ ਪੜ੍ਹੀਆਂ।

o o

ਨਵੀਆਂ ਗੁੱਡੀਆਂ ਨਵੇਂ ਪਟੋਲੇ, ਨਵਾਂ ਜ਼ਮਾਨਾ ਆਇਆ।
ਨੂੰਹ ਧੀ ਦੀ ਕੋਈ ਸਿਆਣ ਰਹੀ ਨਾ, ਘੁੰਡ ਦਾ ਰੋਗ ਮੁਕਾਇਆ।
ਕਾਲਜ ਪੜ੍ਹਦੇ ਵਿਆਹ ਕਰ ਲੈਂਦੇ, ਵਿਆਹ ਦਾ ਖਰਚ ਹਟਾਇਆ।
ਕਾਲਜ ਪੜ੍ਹਦੀ ਨੂੰ, ਵਿਆਹ ਕੇ ਘਰੇ ਲਿਆਇਆ।

o o

ਛਾਇਆ ਛਾਇਆ ਸੱਜਣਾਂ ਨੇ ਫੋਨ ਕਰਿਆ,
ਉਹਨੂੰ ਕੁੜੀਆਂ ਨੇ ਆਣ ਬੁਲਾਇਆ।
ਜੱਟ ਤੈਨੂੰ ਯਾਦ ਕਰੇ, ਤੇਰੀ ਦੀਦ ਮਰੇ ਤਿਰਹਾਇਆ।
ਫੋਨ ਚੁੱਕ ਹੈਲੋ ਬੋਲਦੀ, ਕਹਿੰਦੀ ਕੌਣ ਹੈ ਸਮਝ ਨਹੀਂ ਆਇਆ।
ਯਾਰ ਪਿਆ ਅਰਜ਼ ਕਰੇ, ਗੋਰੀ ਨਾਰ ਨੂੰ ਤਰਸ ਨਹੀਂ ਆਇਆ।

o o

www.PunjabiLibrary.com

ਦਾਣੇ ਦਾਣੇ ਕੈਂਪਸ ਤੂੰ ਪੜ੍ਹਦੀ, ਤੇਰੇ ਮਾਪੇ ਰਹਿਣ ਸਮਾਣੇ।
ਨੀ ਮਿੱਤਰਾਂ ਦਾ ਦਿਲ ਲੁੱਟ ਲਿਆ, ਤੈਂ ਪਾਕੇ ਰੇਸ਼ਮੀ ਬਾਣੇ।
ਫੱਕਰਾਂ ਨੇ ਗੱਲ ਆਖਣੀ, ਜੇ ਤੂੰ ਰਮਜ਼ ਪਛਾਣੇ।
ਨੀ ਗੂੜ੍ਹੀਆਂ ਰਮਜ਼ਾਂ ਨੂੰ, ਸਮਝ ਅਲੜ੍ਹ ਅਣਜਾਣੇ।

o o

ਕੁੰਢੀ ਮੁੱਛ ਤੇ ਗੰਡਾਸੀ ਮੋਢੇ, ਵੇ ਲੈ ਗਿਆ ਮੇਰਾ ਦਿਲ ਲੁੱਟਕੇ।
ਬਲੇ ਬਲੇ ਬਈ ਵੈਲੀਆਂ ਦੀ ਤੋਰ ਤੁਰਦਾ, ਤੇ ਲੰਘ ਗਿਆ ਸਾਨੂੰ ਪੁੱਟਕੇ।
ਨੀਂ ਤੇਰੇ ਨਾਲ ਅੱਖ ਲਗ ਗਈ, ਵੇ ਕਾਲਜੇ ਨੂੰ ਬਹਿ ਗਈ ਘੁੱਟਕੇ।
ਨੀਂ ਸਹੁਰਿਆਂ ਦੇ ਸੰਗ ਰਲ ਗਈ, ਤੇ ਮਿੱਤਰਾਂ ਤੋਂ ਬਹਿ ਗਈ ਟੁੱਟਕੇ।

o o

ਕਣੀਆਂ ਨਾਲ ਤਾਂ ਰੇਤਾ ਬਚ ਗਿਆ, ਬੂਦਾਂ ਚਮਕਦੀਆਂ ਮੋਤੀ।
ਬੱਦਲਾਂ ਨੂੰ ਤਾਂ ਹਵਾ ਉਡਾ ਲਿਆ, ਵਰਸ ਗਈ ਬਦਲੌਟੀ।
ਅੱਖੀਆਂ ਫੇਰ ਗਈ ਜ਼ੈਲਦਾਰ ਦੀ ਪੋਤੀ।

o o

www.PunjabiLibrary.com

ਪਹਿਲਾਂ ਖੇਤ ਵਿਚ ਗੱਡਕੇ ਬਾਲੇ, ਨਾਲ ਫੇਰਤੀਆਂ ਤਾਰਾਂ ।
ਬੋਦੀ ਵਾਲਾ ਤਾਰਾ ਚੜ੍ਹ ਗਿਆ, ਘਰ ਘਰ ਹੋਣ ਵਿਚਾਰਾਂ ।
ਪੱਤਝੱਡ ਮੌਸਮ ਦੀ ਰੁੱਤ ਲੰਘੀ, ਆਈਆਂ ਸੌਣ ਬਹਾਰਾਂ ।
ਪੀਂਘਾਂ ਝੂਟਦੀਆਂ, ਪਤਲੋ ਵਰਗੀਆਂ ਨਾਰਾਂ ।

o o

ਪੈ ਗਿਆ ਰਾਂਝੇ ਚਾਕ ਨੂੰ, ਭੁਲੇਖਾ ਨੱਢੀ ਹੀਰ ਦਾ ।
ਉਹਦਾ ਲੱਕ ਪੱਤਲਾ, ਦਿਲਾਂ ਨੂੰ ਜਾਵੇ ਚੀਰਦਾ ।
ਭਵਾਂ ਦਾ ਭੁਲੇਖਾ ਪਵੇ, ਚਿਲ੍ਹਾ ਜਿਵੇਂ ਤੀਰ ਦਾ ।
ਰੋ ਰੋ ਝਨਾ ਹੜ੍ਹ ਆਇਆ, ਨੈਣਾਂ ਵਿਚੋਂ ਨੀਰ ਦਾ ।

o o

ਬਾਰਾਂ ਬਰਸੀਂ ਖੱਟਣ ਗਏ ਸੀ, ਕੀ ਖੱਟ ਲਿਆਂਦਾ,
ਖੱਟ ਕੇ ਲਿਆਇਆ ਲੂੰਗੀ ।
ਬੰਤੋ ਮੇਲਣ ਨੂੰ, ਲੋਕ ਆਖਦੇ ਗੂੰਗੀ ।

o o

ਬਾਰਾਂ ਬਰਸੀਂ ਖੱਟਣ ਗਏ ਸੀ, ਕੀ ਖੱਟ ਲਿਆਂਦਾ,
ਖੱਟ ਕੇ ਲਿਆਇਆ ਪੇਠਾ ।
ਵੇ ਮੇਰੀ ਬਾਂਹ ਛੱਡ ਦੇ, ਬਾਪੂ ਵਰਗਿਆ ਜੇਠਾ ।

o o

ਬਾਰਾਂ ਬਰਸੀਂ ਖੱਟਣ ਗਏ ਸੀ, ਕੀ ਖੱਟ ਲਿਆਂਦਾ,
ਖੱਟ ਕੇ ਲਿਆਇਆ ਤੀਰ ।
ਹਾਣੀ ਲੈ ਚੱਲ ਵੇ, ਸ਼ਿਮਲੇ ਜਾਂ ਕਸ਼ਮੀਰ ।

o o

ਬਾਰਾਂ ਬਰਸੀਂ ਖੱਟਣ ਗਿਆ ਸੀ, ਕੀ ਖੱਟ ਲਿਆਂਦਾ ?
ਖੱਟ ਕੇ ਲਿਆਇਆ ਪੇਠਾ ।
ਵੇ ਕਾਹਤੋਂ ਵਾਹਦ ਪਿਆ, ਐਵੇਂ ਛੜਿਆ ਜੇਠਾ ।

o o

ਬਾਰਾਂ ਬਰਸੀਂ ਖੱਟਣ ਗਏ ਸੀ, ਕੀ ਖੱਟ ਲਿਆਂਦਾ ?
ਖੱਟ ਕੇ ਲਿਆਇਆ ਵੱਟੀਆਂ ।
ਵੇ ਰਾਤਾਂ ਸਿਆਲ ਦੀਆਂ, ਕੱਲਿਆਂ ਜਾਣ ਨਾ ਕੱਟੀਆਂ ।

o o

ਬਾਰਾਂ ਬਰਸੀਂ ਖੱਟਣ ਗਏ ਸੀ, ਕੀ ਖੱਟ ਲਿਆਂਦਾ ?
ਖੱਟ ਕੇ ਲਿਆਇਆ ਛੌਲੇ ।
ਨੀ ਮਾਹੀ ਪਰਦੇਸ ਗਿਆ, ਮੇਰਾ ਨਰਮ ਕਾਲਜਾ ਡੌਲੇ ।

o o

ਬਾਰਾਂ ਬਰਸੀਂ ਖੱਟਣ ਗਏ ਸੀ, ਕੀ ਖੱਟ ਲਿਆਂਦਾ ?
ਖੱਟ ਕੇ ਲਿਆਇਆ ਵੰਗਾਂ ।
ਨੀ ਰਾਹ ਵਿਚ ਜੇਠ ਖੜਾ, ਮੈਂ ਕਿਧਰ ਦੀ ਲੰਘਾਂ ।

o o

ਬਾਰਾਂ ਬਰਸੀਂ ਖੱਟਣ ਗਿਆ ਸੀ, ਕੀ ਖੱਟ ਲਿਆਂਦਾ ?
ਖੱਟ ਕੇ ਲਿਆਂਦਾ ਫੁੱਲ ।
ਨੀ ਰੌਂਦੇ ਯਾਰਾਂ ਦਾ, ਦੀਵਾ ਕਰ ਗਈ ਗੁੱਲ ।

o o

ਬਾਰਾਂ ਬਰਸੀਂ ਖੱਟਣ ਗਏ ਸੀ, ਕੀ ਖੱਟ ਲਿਆਂਦਾ ?
ਖੱਟ ਕੇ ਲਿਆਇਆ ਢਾਈਆਂ ।
ਵੀਰ ਘਰ ਪੁੱਤ ਜੰਮਿਆ, ਭਾਬੋ ਨੂੰ ਮਿਲਣ ਵਧਾਈਆਂ ।

o o

www.PunjabiLibrary.com

ਬਾਰਾਂ ਬਰਸੀਂ ਖੱਟਣ ਗਏ ਸੀ, ਕੀ ਖੱਟ ਲਿਆਂਦਾ
ਖੱਟ ਕੇ ਲਿਆਂਦਾ ਪਾਰਾ ।
ਮੁੜਜਾ ਵੇ ਮਿੱਤਰਾ, ਟੱਬਰ ਜਾਗਦਾ ਸਾਰਾ ।

o o

ਬਾਰਾਂ ਬਰਸੀਂ ਖੱਟਣ ਗਏ ਸੀ, ਕੀ ਖੱਟ ਲਿਆਂਦਾ ?
ਖੱਟ ਕੇ ਲਿਆਂਦੀ ਤੌੜੀ ।
ਵੇ ਮੁੰਡਿਆ ਬਾਂਹ ਫੜ ਲੈ, ਟੁੱਟ ਗਈ ਬਾਂਸ ਦੀ ਪੌੜੀ ।

o o

ਬਾਰਾਂ ਬਰਸੀਂ ਖੱਟਣ ਗਏ ਸੀ, ਕੀ ਖੱਟ ਲਿਆਂਦਾ ?
ਖੱਟ ਕੇ ਲਿਆਇਆ ਕਣਕਾਂ ।
ਵੇ ਭੰਗੜਾ ਪਾ ਮੁੰਡਿਆ, ਮੈਂ ਝਾਂਜਰ ਬਣ ਛਣਕਾਂ ।

o o

ਬਾਰਾਂ ਬਰਸੀਂ ਖੱਟਣ ਗਏ ਸੀ, ਕਿ ਖੱਟ ਲਿਆਂਦਾ ?
ਖੱਟਿਆ ਕਬੂਤਰ ਚੀਨਾ ।
ਨੀਂ ਤੈਨੂੰ ਮੁਲ ਲੈ ਲਾਂ, ਗਹਿਣੇ ਕਰਾਂ ਜ਼ਮੀਨਾਂ ।

o o

ਬਾਰਾਂ ਬਰਸੀਂ ਖੱਟਣ ਗਿਆ ਸੀ, ਕੀ ਖੱਟ ਲਿਆਂਦਾ ?
ਖੱਟ ਕੇ ਲਿਆਇਆ ਦਾਣੇ ।
ਨੀਂ ਭੁਲ ਕੇ ਯਾਰਾਂ ਨੂੰ, ਤੂੰ ਰੰਗ ਰਲੀਆਂ ਮਾਣੇ ।

o o

ਬਾਰਾਂ ਬਰਸੀਂ ਖੱਟਣ ਗਏ ਸੀ, ਕੀ ਖੱਟ ਲਿਆਂਦਾ ?
ਖੱਟ ਕੇ ਲਿਆਂਦਾ ਛੈਣਾ ।
ਵੇ ਮਾਹੀਆਂ ਲੈ ਚਲ ਵੇ, ਮੈਂ ਪੇਕੀਂ ਨਹੀਂ ਰਹਿਣਾ ।

o o

ਬਾਰਾਂ ਬਰਸੀਂ ਖੱਟਣ ਗਏ ਸੀ, ਕੀ ਖੱਟ ਲਿਆਂਦਾ ?
ਖੱਟ ਕੇ ਲਿਆਇਆ ਮਿਸ਼ਰੀ ।
ਤੀਆਂ ਵਿਚ ਗਈ ਬਣਕੇ, ਜੱਟੀ ਜਾਪੇ ਸਵਾਨਣ ਤਿਤਰੀ ।

o o

ਬਾਰਾਂ ਬਰਸੀਂ ਖੱਟਣ ਗਏ ਸੀ, ਕੀ ਖੱਟ ਲਿਆਂਦਾ ?
ਖੱਟ ਕੇ ਲਿਆਇਆ ਘੋੜਾ ।
ਨੀਲੀ ਕੁੜਤੀ ਦੇ, ਵਿਚ ਘੁਗੀਆਂ ਦਾ ਜੋੜਾ ।

o o

ਬਾਰਾਂ ਬਰਸੀਂ ਖੱਟਣ ਗਿਆ ਸੀ, ਕੀ ਖੱਟ ਲਿਆਂਦਾ ?
ਖੱਟ ਕੇ ਲਿਅ ਦਾ ਹੀਰਾ ।
ਵੇ ਲੈ ਚਲ ਮੱਸਿਆ ਤੇ, ਮੈਨੂੰ ਨਣਦ ਦਿਆ ਵੀਰਾ ।

o o

ਬਾਰਾਂ ਬਰਸੀਂ ਖੱਟਣ ਗਏ ਸੀ, ਕੀ ਖੱਟ ਲਿਆਂਦਾ ?
ਖੱਟ ਕੇ ਲਿਆਂਦੀ ਥਾਲੀ ।
ਵੇ ਜੀਜਾ ਗਲ ਸੁਣ ਜਾ, ਹਾਕਾਂ ਮਾਰਦੀ ਸਾਲੀ ।

o o

ਬਾਰਾਂ ਬਰਸੀਂ ਖੱਟਣ ਗਏ ਸੀ, ਕੀ ਖੱਟ ਲਿਆਂਦਾ ?
ਖੱਟ ਕੇ ਲਿਆਇਆ ਝਾਮਾਂ ।
ਵੇ ਬੋਤਲਾਂ ਦਾ ਖਹਿੜਾ ਛੱਡ ਦੇ, ਤੈਨੂੰ ਨੈਨਾ ਦੀ ਸ਼ਰਾਬ ਪਿਲਾਵਾਂ !

o o

www.PunjabiLibrary.com

ਕੁੜੀਆਂ ਦੇ ਵਲ ਵੇ ਤੂੰ, ਝਾਕੇਂ ਟੀਰਾ ਟੀਰਾ ਵੇ
ਭੰਨ ਦੇਵਾਂ ਅੱਖ ਤੇਰੀ, ਮਾਰ ਕੇ ਸ਼ਤੀਰਾ ਵੇ ।
ਤੈਨੂੰ ਫੇਰ ਛੱਡਣਾ ਮੈਂ, ਕਢੇ ਜੇ ਲਕੀਰਾਂ ਵੇ ।
ਦੱਸ ਕੈਦੋਂ ਲੰਘਿਆ ਕਿਉਂ, ਛੇੜਦੈਂ ਤੂੰ ਹੀਰਾਂ ਵੇ ।

o o

ਪਹਿਲੀ ਪਹਿਲੀ ਵਾਰ ਵੇ ਤੂੰ ਆਇਆ, ਘਰ ਸਹੁਰਿਆਂ ਦੇ ।
ਤੈਨੂੰ ਨਹੀਂ ਸਿਖਾਇਆ ਕਿਸ ਵਲ ਮੁੰਡਿਆ ।
ਟੇਕਿਆ ਨਹੀਂ ਮੱਥਾ ਪਹਿਲਾਂ, ਆ ਕੇ ਵੇ ਤੂੰ ਸਾਲੀਆਂ ਨੂੰ ।
ਐਵੇਂ ਬੈਠਿਆ ਏਂ ਮੰਜੀ ਮਲ ਮੁੰਡਿਆ ।
ਮੂੰਹ ਤੋਂ ਮੈਨੂੰ ਗੂੰਗਾ ਜਾਪਦਾ ਹੈਂ ਲਾੜਿਆ ਵੇ,
ਤਾਹੀਓਂ ਕਰੇ ਨਾ ਤੂੰ ਕੋਈ ਗੱਲ ਮੁੰਡਿਆ ।
ਤੇਰੇ ਨਾਲੋਂ ਤੇਰੀ ਭੈਣ ਵੇ ਸਿਆਣੀ,
ਉਹ ਘਲ ਮੁੰਡਿਆ ।

o o

ਭੈਣ ਦੇਣਿਆਂ ਤੂੰ ਕੱਲਾ, ਜੰਞ ਚੜ ਆਇਆ ਵੇ ।
ਆਪਣੀ ਤੂੰ ਭੈਣ ਨੂੰ ਵੀ, ਕਿਉਂ ਨਹੀਂ ਨਾਲ ਲਿਆਇਆ ਵੇ ।
ਜੰਮਿਆ ਸ਼ਰੀਕ ਤੇਰੀ ਮਾਂ ਨੇ, ਲਾਗੀ ਪਿਛੋਂ ਆਇਆ ਵੇ ।
ਗਿਟਿਆਂ ਤੇ ਮੈਲ ਦਿਸੇ, ਨਹਾਕੇ ਨਹੀਂ ਆਇਆ ਵੇ ।

o o

ਅੰਬ ਦੀ ਟਹਿਣੀ ਬਹਿਕੇ ਬੋਲਦੀ, ਕੋਇਲ ਰੰਗ ਦੀ ਕਾਲੀ ।
ਇਸ਼ਕ ਵਿਛੋੜੇ ਗਮਾਂ ਗੁਆਚੀ, ਬ੍ਰਿਹੁੰ ਦੀ ਅਗ ਬਾਲੀ ।
ਵਿਚ ਬਾਗਾਂ ਦਿਲਦਾਰ ਟੋਲਦੀ, ਬਣ ਉਹਦੀ ਮਤਵਾਲੀ ।
ਖੁਲ੍ਹ ਕੇ ਨੱਚ ਲੈ ਨੀਂ, ਮੈਂ ਜੀਜਾ ਤੂੰ ਸਾਲੀ ।

o o

ਸਭੇ ਸਾਲੀਆਂ ਹੋਈਆਂ ਇਕੱਠੀਆਂ, ਛੰਨਾ ਕਢਾਵਨ ਆਈਆਂ ।
ਵਿਚ ਥਾਲੀ ਦੇ ਸ਼ੀਸ਼ਾ ਸੁਰਮਾ, ਵਿਚੇ ਪਈਆਂ ਸਲਾਈਆਂ ।
ਵੱਡੀਆਂ ਸਾਲੀਆਂ ਥੋੜਾ ਬੋਲਦੀਆਂ, ਛੋਟੀਆਂ ਨਾ ਹਟਣ ਹਟਾਈਆਂ ।
ਕਹਿਣ ਕਲੀਚੜੀਆਂ, ਜੀਜਾ ਮੇਚ ਨਾ ਆਈਆਂ ।

o o

ਕੋਲ ਸੁਣੀਂਦਾ ਨੰਗਲਾ

ਛਾਜਲਾ ਛਾਜਲੀ ਕੋਲੋ ਕੋਲੀ, ਕੋਲ ਸੁਣੀਂਦਾ ਨੰਗਲਾ ।
ਨੰਗਲੋ ਦੇ ਵਿਚ ਢਾਬ ਸੁਣੀਂਦੀ, ਪਾਣੀ ਝਿਹਦਾ ਗੰਧਲਾ ।
ਕੰਢੇ ਢਾਬ ਦੇ ਡੇਰਾ ਸਾਧ ਦਾ, ਕਰਿਆ ਇਸ਼ਕ ਨੇ ਕਮਲਾ
ਰੂਪ ਕੁਆਰੀ ਦਾ ਜਿਉਂ ਫੁਲ ਵਾਲਾ ਗਮਲਾ ।

o o

ਪਿੰਡ ਸੁਣੀਂਦਾ ਮਾਝੀ

ਪਿੰਡਾਂ ਵਿਚੋਂ ਪਿੰਡ ਸੁਣੀਂਦਾ, ਪਿੰਡ ਸੁਣੀਂਦਾ ਮਾਝੀ ।
ਮਾਝੀ ਦੇ ਵਿਚ ਪੜ੍ਹੇ ਨਿਮਾਜਾਂ, ਨਾਂ ਉਸ ਫਤੂ ਕਾਜ਼ੀ ।
ਪਿਆਰ ਦਾ ਦਰਦ ਦੇਵੇ ਹੋਕਾ, ਪਿਆਰ ਦੀ ਲਾਵੇ ਬਾਜੀ ।
ਨੀ ਕੁੜੀਓ ਪਿਆਰ ਕਰੋ, ਪਿਆਰ ਨੇ ਦੁਨੀਆਂ ਸਾਜੀ ।

o o

ਪਿੰਡ ਸੁਣੀਂਦਾ ਥੂਰਾ

ਪਿੰਡਾਂ ਵਿਚੋਂ ਪਿੰਡ ਸੁਣੀਂਦਾ, ਪਿੰਡ ਸੁਣੀਂਦਾ ਥੂਰਾ ।
ਥੂਰੇ ਦੇ ਵਿਚ ਸਾਧ ਸੁਣੀਂਦਾ, ਚੋਲਾ ਪਹਿਨਦਾ ਭੂਰਾ ।
ਅਣ ਵਿਆਹੀਆਂ ਨੂੰ ਦੇਵੇ ਧਾਗੇ, ਮੰਤਰ ਮਾਰੇ ਪੂਰਾ ।
ਕਰਦਾ ਮਨ ਆਈਆਂ, ਪੀਤਾ ਜਿਵੇਂ ਧਤੂਰਾ ।

o o

ਪਿੰਡ ਸੁਣੀਂਦਾ ਸਾਰੋਂ

ਪਿੰਡਾਂ ਵਿਚੋਂ ਪਿੰਡ ਸੁਣੀਂਦਾ, ਪਿੰਡ ਸੁਣੀਂਦਾ ਸਾਰੋਂ ।
ਸਾਰੋਂ ਦੇ ਵਿਚ ਕੁੜੀ ਸੁਣੀਂਦੀ, ਨਾਂ ਘਰ ਦੇ ਆਖਦੇ ਪਾਰੋ ।
ਪਾਰੋ ਦਾ ਤਾਂ ਵਿਆਹ ਧਰ ਛਡਿਆ, ਵਾਜੇ ਵਜਣ ਬਜ਼ਾਰੋਂ ।
ਰੋਂਦੀ ਰੋਂਦੀ ਚੜ੍ਹ ਗਈ ਡੋਲੀ, ਆਖੇ ਘਰ ਰਖਲੋ ਸਰਕਾਰੋ ।
ਰੋ ਰੋ ਕੂਕ ਰਹੀ, ਕੂੰਜ ਵਿਛੜਗੀ ਡਾਰੋਂ ।

o o

ਪਿੰਡ ਛਾਜਲੀ ਲਗਦਾ ਮੇਲਾ

ਪਿੰਡ ਛਾਜਲੀ ਲਗਦਾ ਮੇਲਾ, ਲਗਦਾ ਗੂਗੇ ਮਾੜੀ ।
ਮੁੱਛ ਫੁਟ ਚੌਬਰ ਅਲੜ ਕੁੜੀਆਂ, ਆ ਕੇ ਪੂਰਦੀਆਂ ਯਾਰੀ ।
ਭੀੜ ਭੜੱਕਾ ਤਿੰਨ ਦਿਨ ਰਹਿੰਦਾ, ਜਾਣੇ ਦੁਨੀਆਂ ਸਾਰੀ !
ਨੱਚਦੀ ਮੇਲਣ ਦੀ, ਲਹਿ ਗਈ ਲਾਲ ਫੁਲਕਾਰੀ ।

o o

ਪਿੰਡ ਸੁਣੀਂਦਾ ਭਠਲਾਂ

ਪਿੰਡਾਂ ਵਿਚੋਂ ਪਿੰਡ ਸੁਣੀਂਦਾ, ਪਿੰਡ ਸੁਣੀਂਦਾ ਭਠਲਾਂ ।
ਭਠਲਾਂ ਦੇ ਵਿਚ ਕੁੜੀਆਂ ਦੇਖੀਆਂ, ਵਾਂਗ ਸਰ੍ਹੋਂ ਦੀਆਂ ਗੰਦਲਾਂ ।
ਯਾਰ ਉਹਨਾਂ ਦੇ ਦੂਰ ਸੁਣੀਂਦੇ, ਆਉਣ ਮਾਰ ਕੇ ਮੰਜ਼ਲਾਂ ।
ਯਾਰਾਂ ਬਾਝ ਕਦੇ ਨਾ ਰਹਿਸਣ, ਬੰਨ ਬੰਨ ਹਾਰੇ ਸੰਗਲਾਂ ।
ਨੀ ਨੱਚ ਕੇ ਦਿਖਾ ਕੁੜੀਏ, ਮੈਂ ਰੱਬ ਤੋਂ ਦੁਆ ਮੰਗਲਾਂ ।

o o

www.PunjabiLibrary.com

ਪਿੰਡ ਸੁਣੀਂਦਾ ਰੱਲੀ

ਪਿੰਡਾਂ ਵਿਚੋਂ ਪਿੰਡ ਸੁਣੀਂਦਾ, ਪਿੰਡ ਸੁਣੀਂਦਾ ਰੱਲੀ।
ਰੱਲੀ ਦੇ ਵਿਚ ਨਾਰ ਸੁਣੀਂਦੀ, ਕਰਦੀ ਗੱਲ ਅਵੱਲੀ।
ਬਿਨਾਂ ਬੁਲਾਵੇ ਵੀ ਲੜ ਪੈਂਦੀ, ਮੈਂ ਵੀ ਕਰੀ ਤਸੱਲੀ।
ਓ ਘੇਰੇ ਰਾਹੀਆਂ ਨੂੰ, ਅਕਲ ਉਸਦੀ ਹੱਲੀ।

o o

ਸੁਣਿਆ ਪਿੰਡ ਸਮੂਰਾਂ

ਪਿੰਡਾਂ ਵਿਚੋਂ ਪਿੰਡ ਸੁਣੀਂਦਾ, ਸੁਣਿਆਂ ਪਿੰਡ ਸਮੂਰਾਂ।
ਵਿਚ ਸਮੂਰਾਂ ਲਗਦਾ ਮੇਲਾ, ਦੁਨੀਆਂ ਵਿਚ ਮਸ਼ਹੂਰਾਂ।
ਏਸ ਪਿੰਡ ਦੀਆਂ ਕੁੜੀਆਂ ਜਾਪਣ ਜਿਉਂ ਸਿਆਲਾਂ ਦੀਆਂ ਹੂਰਾਂ।
ਕੋਇਲਾਂ ਵਰਗੇ ਬੋਲ ਇਹਨਾਂ ਦੇ, ਮਿੱਠੀਆਂ ਵਾਂਗ ਅੰਗੂਰਾਂ।
ਨੀ ਗਿਧੇ ਵਿਚ ਨੱਚ ਕੁੜੀਏ, ਮੈਂ ਖੜਾ ਮੁਲਾਹਜੇ ਪੂਰਾਂ।

o o

ਪਿੰਡ ਸੁਣੀਂਦਾ ਖਾਈ

ਪਿੰਡਾਂ ਵਿਚੋਂ ਪਿੰਡ ਸੁਣੀਂਦਾ, ਪਿੰਡ ਸੁਣੀਂਦਾ ਖਾਈ।
ਖਾਈ ਦੇ ਦੋ ਗਭਰੂ ਸੁਣੀਂਦੇ, ਸਕੇ ਸੁਣੀਂਦੇ, ਭਾਈ।
ਗਿਧਿਆਂ ਦੇ ਵਿਚ ਪਾਉਣ ਬੋਲੀਆਂ· ਏਹੋ ਕਰਨ ਕਮਾਈ।
ਬਈ ਉਹਦੀ ਸਿਫਤ ਕਰੋ, ਜਿਹਨੇ ਸਿਆਮੋ ਨੱਚਣ ਲਾਈ।

o o

ਪਿੰਡ ਸੁਣੀਂਦਾ ਬੰਗੇ

ਪਿੰਡਾਂ ਵਿਚੋਂ ਪਿੰਡ ਸੁਣੀਂਦਾ, ਪਿੰਡ ਸੁਣੀਂਦਾ ਬੰਗੇ ।
ਬੰਗਿਆਂ ਦੇ ਵਿਚ ਨਾਰ ਸੁਣੀਂਦੀ, ਪੈਰ ਉਸਦੇ ਨੰਗੇ ।
ਆਉਂਦੇ ਜਾਂਦੇ ਨੂੰ ਕਰੇ ਮਸ਼ਕਰੀ, ਜੇ ਕੋਈ ਕੋਲੋਂ ਲੰਘੇ ।
ਜ਼ੁਲਫਾਂ ਦੇ ਉਹ ਨਾਗ ਲੜਾਵੇ, ਮੁੱਛ ਫੁਟ ਚੌਬਰ ਡੰਗੇ ।
ਡੰਗਤੇ ਨਾਗਣ ਨੇ, ਮੁੜ ਪਾਣੀ ਨਾ ਮੰਗੇ ।

o o

ਪਿੰਡ ਸੁਣੀਂਦਾ ਜਾਵਾ

ਪਿੰਡਾਂ ਵਿਚੋਂ ਪਿੰਡ ਸੁਣੀਂਦਾ, ਪਿੰਡ ਸੁਣੀਂਦਾ ਜਾਵਾ ।
ਲੰਬੜਾਂ ਦਾ ਪੁਤ ਅਮਲੀ ਹੋ ਗਿਆ, ਖਾਂਦਾ ਫੀਮ ਦਾ ਮਾਵਾ ।
ਉਥੇ ਮੇਰਾ ਵਿਆਹ ਕਰ ਛੱਡਿਆ, ਉਮਰਾਂ ਦਾ ਪਛਤਾਵਾ ।
ਨੀਂ ਮਰ ਜਾਏ ਅਮਲੀ ਜੇ, ਰੱਬ ਦਾ ਸ਼ੁਕਰ ਮਨਾਵਾਂ ।

o o

ਪਿੰਡ ਸੁਣੀਂਦਾ ਮੱਤੀ

ਪਿੰਡਾਂ ਵਿਚੋਂ ਪਿੰਡ ਸੁਣੀਂਦਾ, ਪਿੰਡ ਸੁਣੀਂਦਾ ਮੱਤੀ।
ਮੱਤੀ ਦੇ ਵਿਚ ਲੜਨ ਸੌਂਕਣਾਂ, ਪਾ ਇੱਕੀ ਨੂੰ ਇਕੱਤੀ।
ਇਕ ਤਾਂ ਮੋੜੀ ਮੁੜ ਜਾਵੇ, ਦੂਜੀ ਬਹੁਤੀ ਤੱਤੀ।
ਤੱਤੀ ਵਾਲਾ ਰੋਗ ਹਟਾਵਾਂਗੇ, ਓਏ ਅਸੀਂ ਹੀਰੋ ਵਾਲਾ ਨਾਥ ਬੁਲਾਵਾਂ।

o o

ਪਿੰਡ ਸੁਣੀਂਦਾ ਟਹਿਣਾ

ਪਿੰਡਾਂ ਵਿਚੋਂ ਪਿੰਡ ਸੁਣੀਂਦਾ, ਪਿੰਡ ਸੁਣੀਂਦਾ ਟਹਿਣਾ।
ਟਹਿਣੇ ਵਿਚ ਕਿਉਂ ਵਿਆਹੀ ਬਾਬਲਾ, ਉਥੇ ਜੇਠ ਨਰੈਣਾ।
ਬੰਦਿਆਂ ਵਾਂਗੂੰ ਮੈਂ ਸਮਝਾਇਆ, ਉਹ ਨਹੀਂ ਮੰਨਦਾ ਕਹਿਣਾ।
ਤੁਰ ਜਾ ਪੇਕਿਆਂ ਨੂੰ, ਮੈਂ ਸਹੁਰੀਂ ਨੀ ਰਹਿਣਾ।

o o

www.PunjabiLibrary.com

ਝਾਵਾਂ ਝਾਵਾਂ ਝਾਵਾਂ ।
ਨੀ ਖੜੀ ਹੋਕੇ ਗਲ ਸੁਣ ਜਾ, ਤੈਨੂੰ ਦਿਲ ਦਾ ਹਾਲ ਸੁਣਾਵਾਂ ।
ਇਸ਼ਕ ਤੇਰੇ ਦਾ ਰੋਗ ਲਾਇਆ, ਕੇਹੜ' ਵੈਦ ਬੁਲਾਵਾਂ ।
ਤੇਰੇ ਨਾਂ ਦੀ ਮਾਲਾ ਫੇਰਦਾਂ, ਨਾ ਪੀਵਾਂ ਨਾ ਖਾਵਾਂ ।
ਮੂਰਤ ਤੇਰੀ ਅਗੇ ਖਲੋਵੇ, ਮੈਂ ਜਿਧਰ ਨੂੰ ਜਾਵਾਂ ।
ਨੀ ਜੇ ਤੂੰ ਹੀਰ ਬਣ ਜਾਏਂ, ਤੇਰਾ ਕਦੇ ਨਾ ਅਹਿਸਾਨ ਭੁਲਾਵਾਂ ।

o o

ਸੁਣ ਵੇ ਚੋਬਰਾ ਭੇਦ ਸੁਣਾਵਾਂ, ਆ ਗਈ ਅਸਾਂ ਦੀ ਵਾਰੀ ।
ਦਿਨ ਸ਼ਗਨਾਂ ਦਾ ਆ ਗਿਆ ਨੇੜੇ, ਹੋ ਗਈ ਖੂਬ ਤਿਆਰੀ ।
ਜੀਅ ਕਰੇ ਵਿਹੁ ਖਾ ਕੇ ਮਰਜਾਂ, ਲਗਦੀ ਜਾਨ ਪਿਆਰੀ ।
ਵੇ ਮੈਨੂੰ ਮਾਫ ਕਰੀਂ, ਮੈਂ ਵਖਤਾਂ ਦੀ ਮਾਰੀ ।

o o

ਉਰੀ ਉਰੀ ਉਰੀ ।
ਸਾਡੇ ਨਾਲ ਹਡ ਬੀਤਗੀ, ਮੈਂ ਤਾਂ ਸਭ ਸੁਣਾਵਾਂ ਪੂਰੀ ।
ਭੁਲਰਾਂ ਦੀ ਕੁੜ ਛੇੜਲੀ, ਜੇਹੜੀ ਸ਼ਕਲੋਂ ਸੁਣੀਂਦੀ ਭੂਰੀ ।
ਲੈ ਗਈ ਮੇਰਾ ਦਿਲ ਲੁਟਕੇ, ਭਾਵੇਂ ਵਟ ਗਈ ਅੱਖਾਂ ਤੋਂ ਘੂਰੀ ।
ਅੱਖੀਆਂ ਮੋੜ ਗਈ, ਬਿਲੋ ਖਾ ਮਿੱਤਰਾਂ ਦੀ ਚੂਰੀ ।

o o

ਤਾਰਾ ਤਾਰਾ ਤਾਰਾ ।
ਵੇ ਤੇਰੀ ਆਈ ਮੈਂ ਮਰਜਾਂ, ਮੇਰੇ ਜਿਗਰੀ ਮੁਲਾਹਜੇਦਾਰਾ ।
ਵੇ ਨਿੱਕੀ ਗਲੋਂ ਗੁਸਾ ਮੰਨਿਆ, ਔਵੇਂ ਚਾੜਿਆ ਕਾਸਤੋਂ ਪਾਰਾ ।
ਵੇ ਕਣੀਆਂ ਵਰਸਗੀਆਂ, ਨਾਲੇ ਹੋ ਗਿਆ ਗਲੀ ਵਿਚ ਗਾਰਾ ।
ਵੇ ਦਿਲ ਨੂੰ ਟਿਕਾਣੇ ਰਖੀਏ, ਤੇਰਾ ਲਾਹ ਦੂੰ ਉਲਾਂਭਾ ਸਾਰਾ ।

o o

ਠਾਣਾ ਠਾਣਾ ਠਾਣਾ ।
ਭੁਲਰਾਂ ਦੀ ਕੁੜੀ ਛੇੜਲੀ, ਕਾਹਨੂੰ ਜੱਟ ਸਿੱਧੂਆ ਅਣਜਾਣਾ ।
ਬੰਦਿਆਂ ਵਾਂਗੂ ਸਮਝ ਕਰੀਂ, ਨਹੀਂ ਉਲਝੂ ਹੋਰ ਵੀ ਤਾਣਾ ।
ਗਲ ਤੇਰੀ ਨਹੀਂ ਬਣਨੀ, ਜਟਾ ਮੰਨ ਸਤਿਗੁਰਾਂ ਦਾ ਭਾਣਾ ।
ਆਖੇ ਲਗ ਜਾ ਮਿੱਤਰਾ, ਛਡ ਕੈਂਪਸ ਵਲ ਜਾਣਾ ।

o o

ਧਾਵੇ ਧਾਵੇ ਧਾਵੇ ।
ਉਹਦੇ ਨਾਲ ਅੱਖ ਲੜ ਗਈ, ਜੇਹੜੀ ਦਿਲ ਚੋਂ ਕਢੀ ਨਾ ਜਾਵੇ ।
ਮੋਰਨੀ ਦੀ ਤੋਰ ਤੁਰਦੀ, ਗੁੱਤ ਲੱਕ ਨੂੰ ਵਲੇਵੇਂ ਖਾਵੇ ।
ਉਹਨੂੰ ਦੇਖ ਹੋਸ਼ ਭੁਲਦੀ, ਅੱਖਾਂ ਭੁਰੀਆਂ ਤੋਂ ਪਲਕ ਹਲਾਵੇ ।
ਜੱਟ ਪਿਆ ਤੜਫ ਰਿਹਾ, ਕਿਸੇ ਕੋਲ ਜੱਟੀ ਮਿਲ ਜਾਵੇ ।

o o

ਸੁਣ ਨੀਂ ਧਨ ਕੁਰੇ, ਰੋ ਰੋ ਤੇਰਾ ਯਾਰ ਦੁਹਾਈਆਂ ਪਾਵੇ ।
ਤੂੰ ਸਾਨੂੰ ਛਡ ਸਹੁਰੀਂ ਤੁਰ ਗਈ, ਹਿਜਰ ਝਲਿਆ ਨਾ ਜਾਵੇ ।
ਤਾਰੇ ਗਿਣ ਗਿਣ ਰਾਤ ਲੰਘਾਵਾਂ, ਜੁਤਿਆਂ ਨੀਂਦ ਨਾ ਆਵੇ ।
ਬਾਝੋਂ ਧਨ ਕੁਰ ਦੇ, ਹੌਕੇ ਕੌਣ ਹਟਾਵੇ ।

o o

ਕਾਲੀ ਰਾਤ ਨਾਗ ਜਿਉਂ ਸੂਕੇ, ਛਿਪ ਗਿਆ ਚੰਦ ਟਹਿਕਦੇ ਤਾਰੇ ।
ਨੀਂ ਤੂੰ ਕੁੰਭਕਰਨ ਜਿਉਂ ਸੁਤੀ, ਤੇਰਾ ਯਾਰ ਮਾਰੇ ਲਲਕਾਰੇ ।
ਖੜਿਆ ਭੌਰ ਗਲੀ ਵਿਚ ਕੱਲਾ, ਬੂਹਾ ਖੋਹਲ ਪਤਲੀਏ ਨਾਰੇ ।
ਤੈਨੂੰ ਨੀਂਦ ਕਟਕ ਦੀ ਆਈ, ਭੁਲ ਗਈ ਲਾ ਮਿੱਤਰਾਂ ਨੂੰ ਲਾਰੇ ।

o o

ਪਿੰਡ ਦੇ ਕੋਲੋਂ ਨਹਿਰ ਵਗੋਂਦੀ, ਕਪੜੇ ਧੋਂਦੀਆਂ ਨਾਤੂਆਂ ।
ਪਟੜੀ ਨਹਿਰ ਦੀ ਲੰਘਦੇ ਰਾਹੀ, ਗਰਦ ਪਾ ਗਈਆਂ ਕਾਰਾਂ ।
ਸਹੁਰੇ ਤੁਰ ਚਲੀਆਂ, ਹੁਸਨ ਦੀਆਂ ਸਰਕਾਰਾਂ ।

o o

www.PunjabiLibrary.com

ਉਡ ਗਈਆਂ ਚਿੜੀਆਂ ਉਡ ਗਏ ਤੋਤੇ, ਉਡ ਗਏ ਪੰਛੀ ਸਾਰੇ।
ਸਾਰੀ ਰਾਤ ਮੈਂ ਰਿਹਾ ਉਡੀਕਦਾ, ਤੈਂ ਬਚਨਾਂ ਦੇ ਮਾਰੇ।
ਨੀਂ ਅੱਖੀਆਂ ਮੋੜ ਗਈਆਂ, ਲਾ ਮਿੱਤਰਾਂ ਨੂੰ ਲਾਰੇ।

o o

ਤੇਰੀ ਮੇਰੀ ਲਗ ਗਈ ਦੋਸਤੀ, ਗਲ ਸੁਣ ਜਾ ਤੂੰ ਖੜਕੇ।
ਚੌਂਕਾਂ ਦੇ ਵਿਚ ਰਹੂੰ ਉਡੀਕਦਾ, ਜਦ ਆਵੇਂਗੀ, ਪੜ੍ਹਕੇ।
ਫਿਕਰਾਂ ਯਾਰ ਦੀਆਂ ਸੁਤੀ ਪਈ ਦਾ ਕਾਲਜਾ ਧੜਕੇ।
ਮਾਪੇ ਪਤਲੋ ਦੇ, ਰੋਣ ਕੋਠੜੀ ਵੜਕੇ।

o o

ਧੜਕੇ ਧੜਕੇ ਧੜਕੇ,
ਇਕ ਸਾਧੂ ਉਤਿਆਂ ਤੋਂ, ਮਾਵਾਂ ਧੀਆਂ ਨੂੰ ਲੈ ਗਿਆ ਛਲਕੇ।
ਹੀਰਾ ਕੋਹਰੀ ਦਾ, ਡਾਂਗ ਮਾਰਦਾ ਹੱਥਾਂ ਵਿਚ ਫੜਕੇ।
ਨੰਗਲੇ ਦੇ ਨੰਗ ਬਾਣੀਏ, ਸੌਦਾ ਵੇਚਦੇ ਗਲੀ ਵਿਚ ਖੜਕੇ।
ਸੁਖੂਵਾਸ ਘੋੜੇ ਨਾਲ ਦੇ, ਮੁੰਡੇ ਜਾਣ ਪਸ਼ੌਰੇ ਪੜ੍ਹ ਕੇ।
ਨੀਂ ਛਾਜਲੀ ਦੀ ਛੈਲ ਕੁੜੀਏ, ਸਾਡੇ ਰੋਜ ਕਾਲਜੇ ਰੜਕੇ।

o o

www.PunjabiLibrary.com

ਆਰੇ ਆਰੇ ਆਰੇ, ਨੀਂ ਗਲੀਆਂ 'ਚ ਫਿਰਦੀ ਦੇ,
ਤੇਰੇ ਕੰਨ ਵਿੰਨ ਗਏ ਵਣਜਾਰੇ ।
ਖੂਨਣਾ ਲਾਹ ਧਰੀਆਂ, ਵਾਲੇ ਪਾ ਲਏ ਕੌਡੀਆਂ ਵਾਲੇ ।
ਨੀਂ ਤੇਰੀਆਂ ਬਲੌਰੀ ਅੱਖੀਆਂ, ਸਾਡੇ ਦਿਲਾਂ ਨੂੰ ਮਾਰ ਗਏ ਤਾਲੇ ।
ਹੁਣ ਦੇ ਮਸ਼ੂਕਾਂ ਨੇ, ਮੁਛ ਫੁਟ ਚੌਬਰ ਗਾਲੇ ।

o o

ਰੜਕੇ ਰੜਕੇ ਰੜਕੇ, ਢਿਲਕੀ ਜਿਹੀ ਗੁਤ ਵਾਲੀਏ,
ਤੇਰੇ ਲੈ ਗਏ ਕੰਤ ਨੂੰ ਡੰਗਕੇ ।
ਨੀਂ ਮੇਲਾ ਲਗਿਆ ਜੋਗੀ ਪੀਰਾਂ ਦਾ, ਉਥੇ ਪੀ ਕੇ ਬੋਤਲਾਂ ਲੜ ਪਏ ।
ਨੀਂ ਸ਼ੀਸਾ ਮਿਤਰਾਂ ਦਾ, ਦੇਖ ਪਤਲੀਏ ਖੜਕੇ ।

o o

ਰਾਮ ਕੌਰ ਦਾ ਹੋ ਗਿਆ ਮੰਗਣਾ, ਵਿਆਹ ਦੀ ਕਰ ਲਈ ਤਿਆਰੀ ।
ਨੱਚਣ ਗਾਉਣ ਲਈ ਮੇਲ ਆ ਗਿਆ, ਦੇਖੇ ਦੁਨੀਆਂ ਸਾਰੀ ।
ਵਾਜੇ ਵਜਕੇ ਜੰਞ ਢੁਕ ਪਈ, ਵਿਛ ਗਏ ਪਲੰਘ ਨਵਾਰੀ ।
ਚਾਰ ਕੁ ਲਾਵਾਂ ਦੇਕੇ ਤੋਰੀ, ਮਿੰਨਤਾਂ ਕਰ ਕਰ ਹਾਰੀ ।
ਵਿਛੜੀ ਯਾਰਾਂ ਤੋਂ ਰਾਮੋ ਨਾਰ ਵਿਚਾਰੀ ।

o o

ਆ ਵੇ ਯਾਰਾ ਜਾਹ ਵੇ ਯਾਰਾ, ਡਾਹਾਂ ਲਾਲ ਪੰਘੂੜਾ ।
ਹਾਰੇ ਵਿਚੋਂ ਦੂਧ ਕਢ ਲਿਆਵਾਂ, ਕੋਠੀ ਵਿਚੋਂ ਬੂਰਾ ।
ਚੰਦ ਨਾਲੋਂ ਤੂੰ ਸੋਹਣਾ ਲਗਦੈਂ, ਮਿਠਿਆਂ ਵਾਂਗ ਅੰਗੂਰਾਂ ।
ਬਹਿਕੇ ਸੁਣ ਮਿੱਤਰਾ, ਮਤਲਬ ਕਰ ਦੇ ਪੂਰਾ ।

o o

ਯਾਦਾਂ ਹੱਥ ਸੁਨੇਹੇ ਦੇਕੇ, ਤੂੰ ਸੁਪਨੇ ਵਿਚ ਆਈ ।
ਰਾਤ ਬੀਤ ਗਈ ਹਾਲ ਸੁਣਾਉਂਦੇ, ਤੂੰ ਤੜਕੇ ਨਹੀਂ ਥਿਆਈ ।
ਜੇ ਜਾਣਾ ਇਹ ਸੁਪਨਾ ਹੈਸੀ, ਤੇਰੀ ਵੀ ਸੁਣ ਲੈਂਦਾ ।
ਜਾਵਣ ਦੀ ਜੇ ਹੈਸੀ ਕਾਹਲੀ, ਫਿਰ ਆਵਣ ਲਈ ਕਹਿੰਦਾ ।
ਨੀਂ ਆਕੇ ਮਿਲ ਬਲੀਏ, ਹੁਣ ਵੀ ਵਿਛੋੜਾ ਸਹਿੰਦਾ ।

o o

ਸੁਣ ਨੀਂ ਕੁੜੀਏ ਮੇਰੇ ਹਾਣਦੀਏ, ਵਕਤ ਰਹਿ ਗਿਆ ਥੋੜਾ ।
ਤੇਰੀ ਗਲੀ ਵਿਚ ਗੇੜੇ ਮਾਰਦਾ, ਲੈਕੇ ਕਾਬਲੀ ਘੋੜਾ ।
ਇਸ਼ਕ ਤੇਰੇ ਦਾ ਵਢਕੇ ਖਾ ਗਿਆ, ਏਹ ਹੱਡੀਆਂ ਨੂੰ ਝੋਰਾ ।
ਅੰਬਰੀਂ ਉਡ ਚਲੀਏ, ਲੈ ਘੁਗੀਆਂ ਦਾ ਜੋੜਾ ।

o o

ਬਲੇ ਬਲੇ ਵੇ ਪਿੰਡ ਵਿਚ ਹੋਵੇ ਚਰਚਾ, ਤੇਰੀ ਗਲੀ ਜੇ ਗਭਰੂਆ ਆਵਾਂ ।
ਵੇ ਮਿੱਤਰਾ ਸਮਝ ਕਰੀਂ, ਤੈਨੂੰ ਰਮਜਾਂ ਨਾਲ ਸਮਝਾਵਾਂ ।
ਵੇ ਸਾਧੂ ਰਾਮ ਮਾਸਟਰ ਦੇ, ਰਾਤੀਂ ਪੜ੍ਹਨ ਟਿਊਸ਼ਨਾਂ ਆਵਾਂ ।
ਜੇ ਮੋੜ ਵਿਚ ਕੱਲਾ ਟਕਰੇਂ, ਵੇ ਮੈਂ ਰੱਬ ਦਾ ਸ਼ੁਕਰ ਮਨਾਵਾਂ ।

o o

ਕਾਲਿਆ ਹਰਨਾਂ ਬਾਗੀਂ ਚਰਨਾ, ਤੈਂ ਬਹੁਤ ਪੈਲੀਆਂ ਖਾਈਆਂ ।
ਤੇਰੇ ਦੁਖ ਦੇ ਮਾਰੇ ਮਾਲਕਾਂ, ਬਾੜਾਂ ਖੇਤ ਨੂੰ ਲਾਈਆਂ ।
ਤੂੰ ਹੁਣ ਭੱਜ ਜਾ ਛੱਡਕੇ ਖੇਤ ਨੂੰ, ਸੱਚੀਆਂ ਅਸਾਂ ਸੁਣਾਈਆਂ ।
ਰੋ ਰੋ ਰਾਤੀਂ ਯਾਦ ਆਉਂਦੀਆਂ, ਹਸ ਹਸ ਅੱਖੀਆਂ ਲਾਈਆਂ ।
ਵੇ ਰਾਖੇ ਬਦਲ ਗਏ, ਕਰਦੇ ਬਹੁਤ ਤਕੜਾਈਆਂ ।

o o

ਕੋਠੇ ਉਤੇ ਕੋਠੜਾ, ਤੇ ਕੋਠੇ ਉਤੇ ਪਾਉੜੀ ਨੀਂ ।
ਬੋਲੀ ਮੈਂ ਸੁਣਾਵਾਂ ਨਵੀਂ, ਹੁਣੇ ਹੁਣੇ ਔੜੀ ਨੀਂ ।
ਤੇਰੀ ਮੇਰੀ ਬਣ ਜਾਵੇ, ਬਿਲੋ ਰਲ ਮਿਲ ਜੋੜੀ ਨੀਂ ।
ਤੇਰੇ ਪਿੰਡ ਢੁਕਣਾ ਮੈਂ, ਲੈਕੇ ਬੱਗੀ ਘੋੜੀ ਨੀਂ ।

o o

ਬਲੇ ਬਲੇ ਵੇ ਝਾਂਜਰਾਂ ਦਾ ਹੌਵੇ ਖੜਕਾ, ਕੁਤੇ ਭੌਂਕ ਪਏ ਗਲੀ ਦੇ ਸਾਰੇ ।
ਵੇ ਵੇਲਾ ਹੋਇਆ ਅੱਧੀ ਰਾਤ ਦਾ, ਤੇਰੀ ਹੀਰ ਵੇ ਅਵਾਜਾਂ ਮਾਰੇ ।
ਵੇ ਲੋਕਾਂ ਵਿਚ ਗੱਲ ਚਲ ਪਊ, ਨਾਲੇ ਪੁਜਣੀ ਰਾਜ ਦਰਬਾਰੇ ।
ਵੇ ਜੇ ਨਾ ਆਵੇ ਉਡੀਕ ਰਖਣੀ, ਕਾਹਨੂੰ ਲਾਈਏ ਯਾਰ ਨੂੰ ਲਾਰੇ ।

o o

ਸੰਤੋ ਬੰਤੋ ਦੋਵੇਂ ਭੈਣਾਂ, ਜਿਉਂ ਸੂਰਜ ਦੀਆਂ ਕਿਰਨਾਂ ।
ਰਜ 2 ਕੇ ਉਹ ਰੂਪ ਹੰਢਾਵਣ, ਤੋਰ ਤੁਰਨ ਜਿਉਂ ਹਿਰਨਾਂ ।
ਹਾੜ ਮਹੀਨੇ ਧੁਪਾਂ ਪੈਂਦੀਆਂ, ਮੁਸ਼ਕਲ ਖੇਤੀਂ ਫਿਰਨਾ ।
ਏਹ ਖਰਬੂਜੇ ਨੇ, ਲੋਅ ਚਲਦੀ ਤੋਂ ਕਿਰਨਾ ।
ਏਸ ਪਟੋਲੇ ਨੇ, ਬਣ ਮੁਗਰਾਈ ਤਿਰਨਾ ।

o o

ਹਾੜ ਮਹੀਨੇ ਧੂਣੇ ਤਾਪਦੇ, ਸਿਆਲਾਂ ਵਿਚ ਜਲ ਧਾਰੇ ।
ਇਹ ਗਰਮੀ ਨਹੀਂ ਸਹਿੰਦੀ ਮੈਥੋਂ, ਮਚਦੀ ਵਾਂਗ ਅੰਗਿਆਰੇ ।
ਸੱਜ ਵਿਆਹਿਆਂ ਨੂੰ ਲੈਕੇ ਤੁਰ ਗਏ, ਜੋਬਨ ਦੇ ਵਣਜਾਰੇ ।
ਏਥੇ ਲੋਅ ਵਗਦੀ, ਨਾਜੋ ਕੂਕ ਪੁਕਾਰੇ ।
ਵੇ ਉਡ ਚਲ ਵੇ ਮਿੱਤਰਾ, ਸ਼ਿਮਲੇ ਪੈਣ ਫੁਹਾਰੇ ।

o o

www.PunjabiLibrary.com

ਫੇਰਣਾ ਕਰੇਂਦੀਆਂ ਜੱਟੀਆਂ, ਨੀਂ ਆਸ਼ਕ ਮੈਂ ਹੋ ਗਿਆ,
ਤੇਰੀਆਂ ਨੰਗੀਆਂ ਵੇਖਕੇ ਵਖੀਆਂ ।
ਤੈਨੂੰ ਦੁਧ ਸਮਝਾਂ, ਬਾਕੀ ਹੋਰ ਨੂੰ ਸਮਝਦਾ ਲੱਸੀਆਂ ।
ਤੂੰ ਥਾਲੀ ਲੱਡੂਆਂ ਦੀ, ਹੋਰ ਚੰਦੇ ਤੇਲ ਦੀਆਂ ਮੱਠੀਆਂ ।
ਨੀਂ ਵਿਚ ਤੇਰੇ ਫਿਕਰਾਂ ਦੇ, ਮੈਂ ਰੋਜ਼ ਘਟਾਂ ਤਿੰਨ ਰਤੀਆਂ ।

o o

ਲੌਂਦ ਮਹੀਨਾ ਲਗਿਆ ਪੌਰ ਨੂੰ, ਹੋ ਗਈ ਭੌਰ ਦੀ ਤਿਆਰੀ ।
ਤੁਰਦੀ ਦਾ ਲੱਕ ਝੂਟੇ ਖਾਵੇ, ਸਿਰ ਤੇ ਲਾਲ ਫੁਲਕਾਰੀ ।
ਤਿੰਨ ਪਤ ਮਛਲੀ ਦੇ, ਗੱਲ ਕਰਦੇ ਜਗਤ ਤੋਂ ਨਿਆਰੀ ।
ਫੁਲ ਦੀ ਬਘਿਆੜੀ, ਮੱਢਿਆਂ ਦੀ ਸਰਕਾਰੀ ।
ਗੋਲੀ ਨੈਣਾਂ ਦੀ, ਭਰ ਸੀਨੇ ਵਿਚ ਮਾਰੀ ।

o o

ਸੁਣ ਵੇ ਜੋਗੀਆ ਮੁੰਦਰਾਂ ਵਾਲਿਆ, ਤੂੰ ਪਿਆ ਬੀਨ ਵਜਾਵੇਂ ।
ਉਮਰ ਨਿਆਣੀ ਨਾਗਣੀਆਂ ਨੂੰ, ਕੀਲ ਪਟਾਰੀ ਪਾਵੇਂ ।
ਗੀਤ ਇਸ਼ਕ ਦੇ ਗਾਕੇ ਜੋਗੀਆ, ਬਿਸ਼ੀਅਰ ਨਾਗ ਲੜਾਵੇਂ ।
ਜੋ ਕੁਝ ਐਥੇ ਲਭਦੈਂ ਹੈ ਨਹੀਂ, ਝੂਠ ਭੁਲੇਖੇ ਖਾਵੇਂ ।
ਏਥੋਂ ਉਡ ਜਾ ਵੇ, ਕਾਹਨੂੰ ਮਾਲ ਡਰਾਵੇਂ ।

o o

ਸੁਚੇ ਮੋਤੀ ਹਾਰ ਪਰੋ ਲਏ, ਪਾ ਬਹਿੰਦੀ ਵਿਚ ਗਲ ਦੇ ।
ਕੱਠੀਆਂ ਹੋਕੇ ਜਾਣ ਸਹੇਲੀਆਂ, ਆਸ਼ਕ ਸੂਲੀ ਚੜਦੇ ।
ਚੜਦੇ ਚੜਦੇ ਕਰਨ ਨਘੋਰਾਂ, ਮੌਤੋਂ ਮੂਲ ਨਾ ਡਰਦੇ ।
ਐਸ ਪਟੋਲੇ ਤੇ, ਰੋਜ਼ ਲੜਾਈਆਂ ਕਰਦੇ ।

o o

ਅਠਾਰਾਂ ਸਾਲ ਦੀ ਹੋ ਗਈ ਧਨ ਕੁਰੇ, ਮਾਪਿਆਂ ਤੇਰਾ ਧਰਿਆ ਮੁਕਲਾਵਾ ।
ਕੁੜੀਆਂ ਤੇਰੇ ਗੀਤ ਗਾਉਂਦੀਆਂ, ਘਰ ਘਰ ਭੇਜ ਬੁਲਾਵਾ ।
ਗੱਡੀ ਵਿਚ ਬਹਿਕੇ ਤੁਰ ਜੇ ਰਾਣੀਏਂ, ਮਿੱਤਰਾਂ ਨੂੰ ਲਾਕੇ ਹਾਵਾ ।
ਨੀ ਕੁੜੀਆਂ ਆਖਦੀਆਂ, ਭਾਦੋਂ ਦਾ ਮੁਕਲਾਵਾ ।

o o

ਮੱਕੀਆਂ ਬਾਜਰੇ ਖਾ ਗਏ ਤੋਤੇ, ਮੋਠ ਮਿਰਚਾਂ ਤੋਂ ਲਾ ਕੇ ।
ਸੁਰਖ ਬੁਲਾਂ ਦੀ ਲਾਲੀ ਪੀ ਗਏ, ਟੀਂ.ਟੀਂ. ਰਾਗ ਵਜਾਕੇ ।
ਉਚੇ ਟਿਬੇ ਤੇ ਮੰਨਾ ਪਾ ਲਿਆ, ਗੋਪੀਆ ਛਡੇ ਘੁਮਾਕੇ ।
ਬਿਲ ਮੁਕਲਾਈਏ ਨੀਂ ਰੋਗ ਬੈਠ ਗਈ ਲਾਕੇ ।

o o

www.PunjabiLibrary.com

ਸੌਣ ਮਹੀਨਾ ਚੜ ਗਿਆ ਪਰਾਂਹੋਂ, ਵਰਸੇ ਕਿਣਮਿਣ ਕਾਣੀ ।
ਮੌਜੇ ਮੱਤੀ ਦੀਆਂ ਕੁੜੀਆਂ ਸੋਹਣੀਆਂ, ਖੂਹ ਤੋਂ ਭਰਦੀਆਂ ਪਾਣੀ ।
ਦਿਨ ਢਲਦੇ ਜਾਣ ਤੀਆਂ ਵਿਚ, ਜਿਉਂ ਮੂਨਾਂ ਦੀ ਢਾਣੀ ।
ਨੀਂ ਨੱਚ ਕਲਬੂਤਰੀਏ, ਤੂੰ ਗਿਧਿਆਂ ਦੀ ਰਾਣੀ ।

o o

ਝਾਵਾਂ ਝਾਵਾਂ, ਵੇ ਮਿੱਤਰਾਂ ਦੇ ਹਲ ਚਲਦੇ, ਮੈਂ ਰੋਂਦੀ ਕੋਲ ਦੀ ਜਾਵਾਂ ।
ਝਿੜਕੀ ਮਾਪਿਆਂ ਨੇ; ਕੋਹੜੇ ਯਾਰ ਨੂੰ ਫਰਿਆਦਾਂ ਲਾਵਾਂ ।
ਫਿਕਰਾਂ ਨੇ ਮੈਂ ਖਾ ਲਈ, ਕਿਵੇਂ ਯਾਰ ਦਾ ਉਲਾਂਭਾ ਲਾਹਵਾਂ ।
ਵੇ ਉਡ ਚਲ ਵੇ ਮਿਤਰਾ, ਤੈਨੂੰ ਦਿਲ ਦਾ ਰੋਗ ਸੁਣਾਵਾਂ ।

o o

ਜਦ ਤੋਂ ਮੇਰਾ ਧਰਿਆ ਮੁਕਲਾਵਾ, ਜ਼ੁਲਮ ਕਹਿਰ ਦਾ ਚੜਿਆ ।
ਫਿਕਰ ਯਾਰ ਦਾ ਵਢ ਵਢ ਖਾਵੇ, ਭੁਲ ਗਈ ਲਿਖਿਆ ਪੜਿਆ ।
ਉਦੋਂ ਦੀ ਮੈਂ ਵੰਡਾ ਸੀਰਨੀ, ਏਹ ਸੈਦਾ ਨਹੀਂ ਮਰਿਆ ।
ਵੇ ਗੋਰਾ ਰੰਗ ਬਦਲ ਗਿਆ ਮੇਰਾ, ਜਦ ਮੁਕਲਾਵਾ ਧਰਿਆ ।

o o

ਕਣਕਵਾਲ ਤੋਂ ਮੇਲ ਆ ਗਿਆ, ਹੈ ਚੜਦੇ ਤੋਂ ਚੜਦਾ ।
ਰੰਨਾਂ ਵਾਲਿਆਂ ਤੋਂ ਪਰੇ ਖਲੋਂਦੇ, ਲੜ ਛੜਿਆਂ ਦਾ ਫੜਦਾ ।
ਜੇਹੜਾ ਉਸਨੂੰ ਕਰੇ ਮਸ਼ਕਰੀ, ਉਹਦੇ ਕੋਲ ਨਹੀਂ ਖੜਦਾ ।
ਗਭਰੂ ਮੇਲਣ ਤੋਂ ਕਾਲੇ ਨਾਗ ਜਿਉਂ ਡਰਦਾ ।

o o

ਤਾਰੇ ਤਾਰੇ ਤਾਰੇ ।
ਨੀਂ ਬੋਲੀ ਮੈਂ ਪਾਉਂਦਾ, ਤੂੰ ਨੱਚ ਲੈ ਅਲੜ ਮੁਟਿਆਰੇ ।
ਤੇਰੇ ਜੋਬਨ ਦੇ, ਪੈਣ ਸੂਰਜਾਂ ਵਾਂਗ ਝਲਕਾਰੇ ।
ਨੀਂ ਨੱਚ ਕਲਬੂਤਰੀਏ, ਮੁੰਡੇ ਆਖਦੇ ਗਿੱਧੇ ਦੇ ਸਾਰੇ ।

o o

ਚੁਪ ਕਰਕੇ ਨਹੀਂ ਸਰਨਾ ਕੁੜੀਏ, ਨੱਚਕੇ ਜ਼ਰਾ ਦਿਖਾ ਦੇ ।
ਜੇਕਰ ਨੱਚਣਾ ਤੂੰ ਨਾ ਜਾਣੇਂ, ਬੋਲੀ ਕੋਈ ਸੁਣਾ ਦੇ ।
ਜੇਕਰ ਬੋਲੀ ਵੀ ਨਾ ਜਾਣੇਂ, ਹੱਸਕੇ ਰਤਾ ਦਿਖਾ ਦੇ ।
ਨੀਂ ਮਹਿਫਲ ਗਿਧਿਆਂ ਦੀ, ਆ ਕੇ ਜ਼ਰਾ ਜਮਾ ਦੇ ।

o o

www.PunjabiLibrary.com

ਗਿਧਿਆਂ ਦੇ ਵਿਚ ਪੈਣ ਬੋਲੀਆਂ, ਚੌਬਰ ਖੜੇ ਦੁਆਲੇ ।
ਅੱਖ ਮਸਤਾਨੀ ਨੈਣ ਨਸ਼ੀਲੇ, ਵਾਲ ਤੇਰੇ ਘੁੰਗਰਾਲੇ ।
ਲੱਕ ਪਤਲਾ ਤੇ ਗੋਲ ਸੋਲੀਆਂ, ਹਿਕ ਤੇ ਕਬੂਤਰ ਪਾਲੇ ।
ਨੀਂ ਨਾਭੇ ਤੂੰ ਨੱਚਦੀ, ਗੂੰਜ ਪਏ ਪਟਿਆਲੇ ।

o o

ਘਟਾਂ ਕਾਲੀਆਂ ਮੀਂਹ ਵਰਸਾਵਣ, ਰਲ ਮੋਰਾਂ ਪੈਲਾਂ ਪਾਈਆਂ ।
ਉਮਰ ਜੁਆਨੀ ਢਲ ਗਈ ਸਾਰੀ, ਆਖਣ ਬੁਢੀਆਂ ਮਾਈਆਂ ।
ਜੋਬਨ ਵੇਲੇ ਟਪਦੀ ਨਾਲੇ, ਹੁਣ ਨਾ ਟਪਦੀ ਖਾਈਆਂ ।
ਨੀਂ ਬੁਢੇ ਵਾਰੇ ਦੁਖ ਦੇਂਦੀਆਂ, ਅਲੜ ਪੁਣੇ ਵਿਚ ਲਾਈਆਂ ।

o o

ਬਲੇ ਬਲੇ ਬਈ, ਮੇਲੇ ਚਲੀ ਜੋਗੀ ਪੀਰਾਂ ਦੇ,
ਸਿਆਮੋਂ ਹਿਕ ਤੇ ਜੰਜੀਰੀ ਲਾਕੇ ।
ਬਈ ਮੋਰਨੀ ਦੀ ਤੋਰ ਤੁਰਦੀ, ਉਹ ਤਾਂ ਪੈਰੀਂ ਝਾਂਜਰਾਂ ਪਾਕੇ ।
ਗੂਗੇ ਮਾੜੀ ਮੱਥਾ ਟੇਕਦੀ, ਨਾਲੇ ਪੰਜੇ ਪੀਰ ਧਿਆਕੇ ।
ਰਾਂਝੇ ਵਾਲੀ ਮੰਗ ਮੰਗਦੀ, ਲੱਕੋ ਹੀਰ ਦੇਖ ਲਓ ਆਕੇ ।

o o

www.PunjabiLibrary.com

ਨੌਕਰ ਜਾਂਦੇ ਕੀ ਖੱਟ ਲਿਆਉਂਦੇ, ਖੱਟਕੇ ਲਿਆਉਂਦੇ ਕਾਰਾਂ।
ਨਦੀਆਂ ਕੋਲ ਦੀ ਇਉਂ ਲੰਘ ਜਾਵਣ, ਜਿਉਂ ਹਰਨਾਂ ਦੀਆਂ ਡਾਰਾਂ।
ਜੇ ਗੱਲ ਸੁਣਕੇ ਅਜ ਪਛਾਨਣ, ਮੈਂ ਕਿਉਂ ਵਾਜਾਂ ਮਾਰਾਂ।
ਨੀਂ ਗਿਧੇ ਵਿਚ ਨੱਚ ਕੁੜੀਏ, ਮੈਂ ਜਿੰਦ ਆਪਣੀ ਵਾਰਾਂ।

o o

ਨਾਨਕਿਆਂ ਤੋਂ ਘਰ ਵਿਚ ਰਹਿਕੇ, ਦੋਹਤੇ ਮੌਜਾਂ ਮਾਣਦੇ।
ਤੀਵੀਆਂ ਨੂੰ ਸੁਣੇ ਲੌਕੀ, ਜੂਏ ਵਿਚ ਹਾਰਦੇ।
ਝਨਾ ਵਿਚ ਡੁਬੇ, ਜਿਹੜੇ ਕਚਿਆਂ ਨੂੰ ਤਾਰਦੇ।
ਨੱਚਕੇ ਦਿਖਾ ਨੀ, ਦਿਨ ਆਪਦੇ ਬਹਾਰ ਦੇ।

o o

ਤੂੰ ਤਾਂ ਮੈਨੂੰ ਦਿਸੇ ਮਾਲਣੇ, ਪਤਲੀ ਗੋਰੀ ਲੰਮੀ।
ਤੇਰੇ ਵਰਗੀ ਧੀ ਕਿਸੇ ਮਾਂ, ਹੋਰ ਨਾ ਕੋਈ ਜੰਮੀ।
ਜਾਂ ਹੋਊ ਤੇਰਾ ਬਾਬਲ ਸੋਹਣਾ, ਜਾਂ ਹੋਊ ਸੋਹਣੀ ਅੰਮੀ।
ਦੁੱਧ ਮਲਾਈਆਂ ਪਾਲੀ ਜਾਪਦੀ, ਨਾ ਰੱਖ ਛੱਡਿਆ ਪੰਮੀ।
ਮੇਲਣੇ ਨੱਚਕੇ ਦਿਖਾ, ਕਾਹਤੋਂ ਪਈਐਂ ਲੰਮੀ।

o o

ਬੰਤਾ ਸਿੰਘ ਦਾ ਵਿਆਹ ਧਰ ਛਡਿਆ, ਆਇਆ ਮੇਲ ਬਥੇਰਾ ।
ਤੀਆਂ ਵਾਂਗੂ ਫਿਰਨ ਮੇਲਣਾਂ, ਜੀਅ ਲਲਚਾ ਗਿਆ ਮੇਰਾ ।
ਮੂੰਹ ਤਾਂ ਤੇਰਾ ਚਮਕੇ ਮੇਲਣੇ, ਕਰਦਾ ਦੂਰ ਹਨੇਰਾ ।
ਤੇਰੇ ਪਿੰਡ ਮੈਂ ਢੁਕਣਾ ਮੇਲਣੇ, ਬੰਨ ਸ਼ਗਨਾਂ ਦਾ ਸੇਹਰਾ ।
ਖੁਲ੍ਹਕੇ ਨੱਚ ਮੇਲਣੇ, ਵੇਹੜਾ ਪਿਆ ਬਥੇਰਾ ।

o o

ਭਾਗਭਰੀ ਦੇ ਵਿਆਹ ਦੀ ਤਿਆਰੀ, ਮੇਲ ਨਾਨਕਾ ਆਇਆ ।
ਸੰਤੂ ਮਾਮਾ ਲੈਕੇ ਮੇਲਣਾਂ, ਭਰਕੇ ਟਰਾਲੀ ਲਿਆਇਆ ।
ਦਿਨੇ ਮੇਲ ਨੇ ਗੌਰੇ ਕੀਤੇ, ਰਾਤੀਂ ਛੱਜ ਤੁੜਾਇਆ ।
ਭਾਗਭਰੀ ਜਦ ਚੜ ਗਈ ਡੋਲੀ, ਮੇਲ ਨੱਚਣ ਨੂੰ ਲਾਇਆ ।
ਬੰਤੋ ਦੀ ਝਾਂਜਰ ਨੇ, ਪਿੰਡ ਵਿਚ ਸ਼ੋਰ ਮਚਾਇਆ ।

o o

ਮਸਾਂ ਮਸਾਂ ਤੂੰ ਆਈ ਮੇਲਣੇ, ਆਕੇ ਤੈਂ ਘੁੰਡ ਕਢਿਆ ।
ਮੂੰਹ ਤੋਂ ਪੱਲਾ ਲਾਹਦੇ ਕੁੜੀਏ, ਘੁੰਡ ਦਾ ਫਾਹਾ ਵਢਿਆ ।
ਤੇਰੀ ਖਾਤਰ ਰਾਂਝੇ ਜੋਗੀ, ਤਖਤ ਹਜ਼ਾਰਾ ਛਡਿਆ ।
ਨੀਂ ਚਾਓ ਨਾਲ ਨੱਚ ਮੇਲਣੇ, ਮੂੰਹ ਕਾਹਤੋਂ ਤੈਂ ਅਡਿਆ ।

ਸੁਣ ਵੇ ਮੁੰਡਿਆ ਜਾਣ ਵਾਲਿਆ, ਰੁਕ ਕੇ ਘੜਾ ਚੁਕਾਵੀਂ ।
ਖੂਹ ਤੇ ਖੜੀਆਂ ਅਲੜ ਕੁੜੀਆਂ, ਐਵੇਂ ਨਾ ਲੰਘ ਜਾਵੀਂ ।
ਹੱਸਣ ਖੇਡਣ ਦੇ ਦਿਨ ਚਾਰ, ਐਵੇਂ ਨ ਸ਼ਰਮਾਵੀਂ ।
ਮੈਨੂੰ ਤਾਂ ਤੂੰ ਜਾਪੇ ਰਾਂਝਾ, ਹੋਰ ਨਾ ਕਿਸੇ ਬਤਾਵੀਂ ।
ਗਿੱਧੇ ਵਿਚ ਮੈਂ ਨੱਚਣਾ, ਤੂੰ ਖੜਾ ਬੋਲੀਆਂ ਪਾਵੀਂ ।

o o

ਪਾ ਕੇ ਝਾਂਜਰਾਂ ਤੁਰਦੀ ਮੇਲਣੇ, ਝਾਂਜਰ ਕੀਤੇ ਕਾਰੇ ।
ਗਲੀਆਂ ਦੇ ਵਿਚ ਚੌਬਰ ਖੜਦੇ, ਮੂੰਹ ਦੇਖਣ ਦੇ ਮਾਰੇ ।
ਰੰਗ ਰੂਪ ਦੀ ਤੋਟ ਕੋਈ ਨਾ, ਰੱਬ ਦੇ ਰੰਗ ਨਿਆਰੇ ।
ਕੇਹੜੇ ਪਿੰਡ ਤੋਂ ਆਈ ਮੇਲ ਵਿਚ, ਹੁਸਨ ਦੀਏ ਸਰਕਾਰੇ ।
ਨੱਚਦੀ ਮੇਲਣ ਦੇ, ਲੱਕ ਦੇ ਪੈਣ ਹੁਲਾਰੇ ।

o o

ਕਿਉਂ ਫਕਰਾਂ ਨੂੰ ਮੰਦਾ ਬੋਲਦੀ, ਅਸੀਂ ਵਸੀਏ ਤਖਤ ਹਜ਼ਾਰੇ ।
ਝੰਗ ਸਿਆਲ ਦੀਆਂ ਕੁੜੀਆਂ ਮਸਤੀਆਂ, ਝੂਠੇ ਲਾਉਂਦੀਆਂ ਲਾਰੇ ।
ਘਰ ਛੱਡ ਮੱਝੀਆਂ ਚਾਰਨ ਲਗ ਪਏ, ਇਸ਼ਕ ਹੀਰ ਦੇ ਮਾਰੇ ।
ਘਰ ਘਰ ਦੇ ਵਿਚ ਹੋ ਗਈ ਚਰਚਾ, ਕੈਦੋਂ ਸੈਦਾ ਖੜਾ ਪੁਕਾਰੇ ।
ਖੁਲਕੇ ਨੱਚ ਕੁੜੀਏ, ਜੋਬਨ ਠਾਠਾਂ ਮਾਰੇ ।

o o

www.PunjabiLibrary.com

ਮਸਾਂ ਮਸਾਂ ਤੂੰ ਆਈ ਮੇਲਣੇ, ਆ ਕੇ ਪੱਲਾ ਕਰਿਆ ।
ਮੂੰਹ ਤੋਂ ਪਲਾ ਲਾਹ ਦੇ ਅੜੀਏ, ਹੁਣ ਨੀ ਜਾਂਦਾ ਜਰਿਆ ।
ਤੇਰੀ ਖਾਤਰ ਹੱਲ ਤੇ ਪਜਾਲੀ, ਨੀਰੇ ਵਾਲੇ ਧਰਿਆ ।
ਤੇਰੀ ਆਈ ਮੈਂ ਮਰ ਜਾਂਦਾ, ਜੇਕਰ ਜਾਂਦਾ ਮਰਿਆ ।
ਗਿੱਧੇ ਵਿਚ ਨੱਚਦੀ ਨੂੰ, ਦੇਖ ਕਾਲਜਾ ਠਰਿਆ ।

o o

ਸੁਣ ਨੀ ਕੁੜੀਏ ਨੱਚਣ ਵਾਲੀਏ, ਨਵੀਂ ਸੁਣਾਵਾਂ ਬੋਲੀ ।
ਨੱਚ ਨੱਚ ਕੇ ਤੂੰ ਦੂਹਰੀ ਹੋ ਗਈ, ਢਿੱਲੀ ਹੋ ਗਈ ਚੋਲੀ ।
ਪਹਿਲਾਂ ਨੱਚਕੇ ਚਿੱਤੋ ਥਕ ਗਈ, ਪਿਛੋਂ ਥਕ ਗਈ ਭੋਲੀ ।
ਤੂੰ ਤਾਂ ਜਾਪੇ ਭਾਰੀ ਪੈਰ ਦੀ, ਗੱਲ ਮੈਂ ਭੇਦ ਦੀ ਖੋਲੀ ।
ਖੁਲਕੇ ਨੱਚ ਮੇਲਣੇ, ਬਣਕੇ ਵਾਹ ਬਰੋਲੀ ।

o o

ਕਰਦੀ ਮਾਣ ਹੁਸਨ ਦਾ ਅੜੀਏ, ਇਹ ਬਦਲਾਂ ਦਾ ਪਰਛਾਵਾਂ ।
ਇਸ਼ਕ ਤੇਰੇ ਦਿਲ ਰੋਗੀ ਕੀਤਾ, ਮੈਂ ਕੀਹਨੂੰ ਆਖ ਸੁਣਾਵਾਂ ।
ਯਾਦ ਤੇਰੀ ਹੁਣ ਨਾਲ ਖਲੋਵੇ, ਮੈਂ ਜਿਧਰ ਨੂੰ ਜਾਵਾਂ ।
ਨਿੱਤ ਨਵੀਆਂ ਮੈਂ ਪਾਵਾਂ ਚਿੱਠੀਆਂ, ਦੱਸ ਜਾਵੀਂ ਸਿਰਨਾਵਾਂ ।
ਨੀਂ ਗਿੱਧੇ ਵਿਚ ਤੂੰ ਨੱਚਦੀ, ਮੈਂ ਖੜਾ ਬੋਲੀਆਂ ਪਾਵਾਂ ।

www.PunjabiLibrary.com

ਮੱਟੀਆਂ ਮੱਟੀਆਂ ਮੱਟੀਆਂ, ਮੁੰਡਿਆਂ ਦੀ ਲਾਰ ਬੱਝ ਗਈ,
ਗਿੱਧਾ ਪਾਉਣ ਨੂੰ ਜੜਾ ਲਈਆਂ ਫੱਟੀਆਂ ।
ਮੇਲਣਾਂ ਦੀ ਸੰਗ ਫੁਟ ਗਈ, ਹੁਣ ਨੱਚਣੋਂ ਮੂਲ ਨ ਹੱਟੀਆਂ ।
ਧਰਤੀ ਦਮਕ ਰਹੀ, ਜਦੋਂ ਨੱਚਣ ਮੇਲ ਦੀਆਂ ਜੱਟੀਆਂ ।

o o

ਪੈਰ ਦਾ ਤੂੰ ਲੈਜਾ ਮੇਚਾ, ਮੋਚੀ ਘਰ ਆਕੇ ਵੇ ।
ਜੁੱਤੀ ਵੀ ਬਣਾਦੇ ਨਾਲੋਂ, ਸੁੱਚਾ ਤਿਲਾ ਲਾਕੇ ਵੇ ।
ਪਹਿਲੀ ਪਹਿਲੀ ਵਾਰ ਜਾਵਾਂ, ਸਹੁਰਿਆਂ ਨੂੰ ਪਾਕੇ ਵੇ ।
ਤੇਰਾ ਜੱਸ ਗਿਧਿਆਂ ਵਿਚ ਗਾਵਾਂ ਵੇ ।
ਤੈਨੂੰ ਸੱਚੀਆਂ ਮੈਂ ਆਖ ਸੁਣਾਵਾਂ ਵੇ ।

o o

ਚਾਹਾਂ ਪੀ ਪੀ ਹਲਕ ਫੂਕ ਲਏ, ਨਾਂ ਨਹੀਂ ਦੁੱਧ ਦਾ ਲੈਂਦੇ ।
ਚੂਹਿਆਂ ਵਰਗੇ ਗਭਰੂ ਰਹਿ ਗਏ, ਖਾ ਖਾ ਗੋਲੀਆਂ ਪੈਂਦੇ ।
ਨਦੀਆਂ ਦੇ ਤਾਂ ਜੋਬਨ ਖੁਰ ਗਏ, ਲੱਕ ਘਗਰੇ ਨਹੀਂ ਸਹਿੰਦੇ ।
ਨੱਚਦੀ ਸਿਆਮੋਂ ਦੇ, ਡੋਬ ਕਾਲਜੇ ਪੈਂਦੇ ।

o o

ਮਾਪੇ ਜਿਹਨਾਂ ਦੇ ਹੋਣ ਸਿਰਾਂ ਤੇ, ਤਿਸਦੇ ਕਰਮ ਨਿਰਾਲੇ ।
ਜੇਹੜੀ ਨਾਰ ਤੇ ਸਿਰ ਦਾ ਸਾਈਂ, ਦਿਨ ਉਹਦੇ ਮਤਵਾਲੇ ।
ਭਾਈਆਂ ਨਾਲ ਤਾਂ ਸੋਹਣ ਮਜਲਸਾਂ, ਸਰਬਤ ਨਾਲ ਪਿਆਲੇ ।
ਅਲੜ ਕੁੜੀ ਤੇ ਮੁੱਛ ਫੁੱਟ ਚੋਬਰ, ਅੱਖੇ ਜਾਣ ਸੰਭਾਲੇ ।
ਨੱਚਦੀ ਮੇਲਣ ਦੇ, ਉਡਦੇ ਲਾਲ ਦੁਆਲੇ ।

o o

ਜਦੋਂ ਕੌਮ ਤੇ ਭੀੜਾਂ ਪੈਂਦੀਆਂ, ਰੁਖ ਵੀ ਬਦਲਦੀਆਂ ਵਾਹਵਾਂ ।
ਭੈਣਾਂ ਨਾਲੋਂ ਭਾਈ ਵਿਛੜੇ, ਪੁਤਰੋਂ ਵਿਛੜੀਆਂ ਮਾਵਾਂ ।
ਰੋ ਰੋ ਬਹਿਕੇ ਪਾਉਣ ਕੀਰਨੇ, ਟੁਟੀਆਂ ਜਿਹਨਾਂ ਦੀਆਂ ਲਾਵਾਂ ।
ਬਾਲ ਇਆਣੇ ਭੁੱਖੇ ਚੀਕਦੇ, ਉੱਠੀਆਂ ਜਿਹਨਾਂ ਦੀਆਂ ਛਾਵਾਂ ।
ਆਖਾਂ ਨਾਨਕ ਨੂੰ, ਦੇਖੇ ਹਾਲ ਸੁਣਾਵਾਂ ।

o o

1929

ਹੱਸਦੀ ਖੇਡਦੀ ਆ ਗਈ ਗਿੱਧੇ ਵਿਚ, ਗਿੱਧਾ ਪਵੇ ਬਥੇਰਾ ।
ਚਿੱਟੀ ਚੁੰਨੀ ਦੀ ਬੁਕਲ ਮਾਰਕੇ, ਮੂੰਹ ਲੁਕ ਜਾਂਦਾ ਤੇਰਾ ।
ਨੀਂ ਘੁੰਡ ਵਿਚ ਤੂੰ ਹੱਸਕੇ, ਦਿਲ ਲੈ ਗਈ ਗੋਰੀਏ ਮੇਰਾ ।

Sita Chhatwal Library
Institute of
Sikh Studies
Chandigarh

www.PunjabiLibrary.com

ਪੰਜਾਬੀ ਲਾਇਬ੍ਰੇਰੀ

www.PunjabiLibrary.com